● ਹੁਸ਼ਿਆਰਪੁਰ, 29 ਮਾਰਚ— ਪੰਜਾਬੀ ਪਾਰਟੀ ਦੀ ਇਕ ਕਾਨਫਰੰਸ ਪਿਛਲੇ ਦਿਨ ਟਾਂਡਾ ਵਿਖੇ ਪਾਰਟੀ ਦੇ ਪ੍ਰਧਾਨ ਸ: ਬੀ. ਐਸ. ਦਾਨੇਵਾਲੀਆ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਪਹਿਲਾ ਮਤਾ ਪਾਸ ਕਰਕੇ ਪਾਰਟੀ ਦਾ ਨਾਂ ਆਸਾਨ ਕਰਨ ਲਈ ਕਨਫੈਡਰਲ ਪੰਜਾਬੀ ਪਾਰਟੀ ਤੋਂ ਬਦਲਕੇ ਪੰਜਾਬੀ ਪਾਰਟੀ ਰਖਿਆ ਗਿਆ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸ: ਦਾਨੇਵਾਲੀਆ ਨੇ ਰਾਜ ਵਿਚ ਅਮਨ ਕਾਨੂੰਨ ਦੀ ਤਬਾਹ ਹਾਲਤ ਅਤੇ ਲੋਕਾਂ ਵਿਚ ਫੈਲੀ ਅਸੁਰਖਿਆ ਭਾਵਨਾ ਲਈ ਪੰਜਾਬ ਸਰਕਾਰ ਨੂੰ ਜ਼ਿਮੇਦਾਰ ਕਰਾਰ ਦਿੰਦਿਆਂ ਕਿਹਾ ਕਿ ਆਪਣੀ ਅਯੋਗਤਾ ਤੇ ਪਰਦਾ ਪਾਣ ਲਈ ਮੁਖ ਮੰਤਰੀ ਇਹਨਾਂ ਘਟਨਾਵਾਂ ਦੀ ਜ਼ਿਮੇਂਦਾਰੀ ਅਤਿਵਾਦੀਆਂ ਤੇ ਸੁਟ ਰਹੇ ਹਨ। ਉਹਨਾਂ ਕਿਹਾ ਕਿ ਦਰਿਆਈ ਪਾਣੀਆਂ ਬਾਰੇ ਪੰਜਾਬ ਵਿਰੋਧੀ ਸਮਝੌਤੇ ਤੇ ਕੇਬਨਿਟ ਤੋਂ ਬਾਹਰ ਹੋਕੇ ਦਸਖਤ ਕਰਨ ਨਾਲ ਪੰਜ ਬ ਦੇ ਵਿਧਾਇਕ ਲੋਕਾਂ ਦੇ ਸਭ ਵਰਗਾਂ ਦੀ ਪ੍ਰਤੀ-

ਨਿਧਤਾ ਕਰ... ਕੇਵਲ ਨਵਾਂ... ਬੀਆਂ ਵਿਚ... ਸਕਦਾ ਹੈ। ... ਅਪੀਲ ਕੀਤੀ... ਭੰਗ ਕਰਕੇ ... ਹਾਸਲ ਕਰਨ... ਨੂੰ ਹਲ ਕਰਨ... ਨਕ ਤਰੀਕਾ ... ਅਕਾਲੀਆਂ ਤੇ... ਉਹ ਆਪਣੇ ... ਦੇ ਕੇ ਇਸ ਮ... ਉਹਨਾਂ ਵਲੋਂ ... ਜਾਣ ਦੀ ਹੋਣੀ... ਰੰਸ ਵਿਚ ਕਈ... ਸਕੂਲਾਂ ਵਿਚ ... ਦੁਪਹਿਰ ਦਾ ਖਾ... ਜੀਵਨ, ਭ੍ਰਿਸ਼ਟ... ਵਿਧਾਇਕਾਂ ਨੂੰ ਪੰ... ਅਤੇ ਪੰਜਾਬ ਦੇ ... ਟੈਕਸਾਂ ਦਾ ਭਾਰ ... ਬਾਰੇ ਮਤੇ ਪਾਸ ਕ...

ਮਿੰਟਗੁਮਰੀ ਗੁਰੂ ਨਾਨਕ ਕਾਲਜ ਆਫ ਐਜੂਕੇਸ਼ਨ ਜਲੰਧਰ,ਦੇ 28ਵੇਂ ਖੇਡ ਸਮਾਰੋਹ ਦੇ ਮੁਖ ਮਹਿਮਾਨ ਸ੍ਰੀ ਆਈ. ਐਲ. ਡਾਵਰਾ ਡਿਪਟੀ ਡਾਇਰੈਕਟ੍ਰ ਲੋਕਲ ਗੌਰਮਿੰਟ ਕਾਲਜ ਦੇ ਪ੍ਰਿੰ:ਸ: ਨਿਰੰਜਣ ਸਿੰਘ ਬਲ ਅਤੇ ਸੂਵੋਤਮ ਖਿਡਾਰੀਆਂ ਨਾਲ। ਬੀਬੀ ਨਿਰੰਜਨ ਕੌਰ ਡੀ...

...ਭਾਰਤੀ ਇਲਾਕਿਆਂ ਤੇ ਦਾਵਾ—ਭਾਰਤ ਵਿਰੁਧ ਜੰਗੀ ਹਿਸਟੀਰੀਆ-ਪਾਕਿ ਦੇ ਟੁਕੜੇ ਹੋਣ ਦਾ ਵੀ ਡਰ

ਹੈ। ਪਾਕਿਸਤਾਨ 'ਚ ਜਿਥੇ ਇਸ ਤਰ੍ਹਾਂ ਭਾਰਤ ਵਿਰੋਧੀ ਪ੍ਰਚਾਰ ਕੀਤਾ ਜਾ ਰਿਹਾ ਹੈ, ਉਥੇ ਜੰਗੀ ਹਿਸਟੀਰੀਆ ਵੀ ਪੈਦਾ ਕੀਤਾ ਜਾ ਰਿਹਾ ਹੈ। ਪਾਕਿਸਤਾਨ ਦੇ ਫੌਜੀ ਹਾਕਮ ਇਸ ਯਤਨ ਵਿਚ ਹਨ ਕਿ ਇਕ ਤਾਂ ਪਾਕਿਸਤਾਨ ਵਿਚ 'ਲੋਕ ਰਾਜ ਬਹਾਲ ਕਰੋ ਲਹਿਰ' ਨੂੰ ਨੁਕਸਾਨ ਪੁਚਾਇਆ ਜਾਏ। ਦੂਸਰੇ ਭਾਰਤ ਤੋਂ 1971 ਦੀ ਜੰਗ ਵਿਚ ਪਾਕਿਸਤਾਨੀ ਹਾਰ ਦਾ ਬਦਲਾ ਲਿਆ ਜਾਏ। ਇਹ ਕਿਹਾ ਜਾਂਦਾ ਹੈ ਕਿ ਅਮਰੀਕਾ ਦੇ ਰਖਿਆ ਮੰਤਰੀ ਮਿਸਟਰ ਵੀਨ ਬਰਗਰ ਜਦ ਪਾਕਿਸਤਾਨ ਆਏ ਸਨ ਤਾਂ ਉਨ੍ਹਾਂ ਨਾਲ ਇਸ ਸਬੰਧੀ ਵੇਰਵੇ ਸਹਿਤ ਗਲਬਾਤ ਹੋਈ। ਪਾਕਿਸਤਾਨੀ ਅਖਬਾਰਾਂ ਵਿਚ ਜਮਾਤੇ ਇਸਲਾਮੀ ਦੇ ਅਮੀਰ ਦਾ ਇਕ ਬਿਆਨ ਛਪਿਆ ਹੈ ਜਿਸ ਵਿਚ ਇਹ ਮੰਗ ਕੀਤੀ ਗਈ ਹੈ ਕਿ ਪਾਕਿਸਤਾਨ ਨੂੰ ਫਿਰੋਜ਼ਪੁਰ ਅਤੇ ਹੋਰ ਇਲਾਕੇ ਵਾਪਸ ਲੈਣ ਲਈ ਜਦੋਂ ਜਹਿਦ ਕਰਨੀ ਚਾਹੀਦੀ ਹੈ। ਪਾਕਿਸਤਾਨ ਨੂੰ ਇਹ ਪਤਾ ਹੈ ਕਿ ਉਹ ਅਮਰੀਕੀ ਹਥਿਆਰਾਂ ਨਾਲ ਭਾਰਤ ਵਿਰੁਧ ਅਜਿਹੀ ਜੰਗ ਨਹੀਂ ਲੜ ਸਕਦਾ ਜਿਸ ਤੋਂ ਉਹ ਜਿਤ ਦੀ ਆਸ ਰਖੇ ਪਰ ਉਹ ਇਹ ਆਸ ਜ਼ਰੂਰ ਰਖਦਾ ਹੈ ਕਿ ਅਚਾਨਕ ਹਮਲਾ ਕਰਕੇ ਭਾਰਤ ਨੂੰ ਨੁਕਸਾਨ ਪੁਚਾਇਆ ਜਾ ਸਕਦਾ ਹੈ। ਹਿੰਦ ਮਹਾਂ-ਸਾਗਰ ਵਿਚ ਮੌਜੂਦਾ ਅਮਰੀਕੀ ਫੌਜ ਭਾਰਤ ਨੂੰ ਪਾਕਿਸਤਾਨ ਵਿਰੁਧ ਵਿਸ਼ਾਲ ਪਧਰ ਤੇ ਕੀਤੀ ਜਾਣ ਵਾਲੀ ਕਾਰਵਾਈ ਤੋਂ (ਬਾਕੀ ਸਫਾ 6 ਤੇ ਕਾਲਮ 7)

ਤਰਨਤਾਰਨ ਪੱਟੀ ਰੋਡ ਤੇ ਅਤਵਾਦੀਆਂ ਵਲੋਂ ਬਸ ਅਗਵਾ

4 ਯਾਤ੍ਰੀ ਗੋਲੀਆਂ ਨਾਲ ਉਡਾ ਦਿਤੇ

●● ਅੰਮ੍ਰਿਤਸਰ, 18 ਨਵੰਬਰ—(ਪੀ.ਟੀ.ਆਈ.) ਲਗਪਗ ਅਧੀ ਰਾਤ ਸਮੇਂ ਇਥੇ ਪੁਜੀ ਸੂਚਨਾ ਅਨੁਸਾਰ ਅਜ ਰਾਤ ਅਤਵਾਦੀਆਂ ਨੇ ਤਰਨਤਾਰਨ ਤੋਂ ਪੱਟੀ ਜਾ ਰਹੀ ਪੰਜਾਬ ਰੋਡਵੇਜ਼ ਦੀ ਇਕ ਬਸ ਨੂੰ ਅਗਵਾ ਕਰ ਲਿਆ ਅਤੇ ਇਕ ਫਿਰਕੇ ਦੇ ਚਾਰ ਬੰਦਿਆਂ ਨੂੰ ਗੋਲੀਆਂ ਮਾਰਕੇ ਹਲਾਕ ਕਰ ਦਿਤਾ। ਇਥੋਂ ਪੁਜੀਆਂ ਮੁਢਲੀਆਂ ਸੂਚਨਾਵਾਂ ਅਨੁਸਾਰ ਬਸ ਰਸੂਲਪੁਰ ਨੇੜੇ ਅਗਵਾ ਕੀਤੀ ਗਈ ਜਦ ਕਿ ਇਥੋਂ 50 ਕਿਲੋਮੀਟਰ ਦਰ ਨੌਸ਼ਹਿਰਾਂ ਪਨੂੰਆਂ ਨੇੜੇ ਚਾਰ ਵਿਅਕਤੀਆਂ ਨੂੰ ਗੋਲੀਆਂ ਨਾਲ ਉਡਾਇਆ ਗਿਆ। ਐਸ. ਐਸ. ਪੀ. ਸ: ਅਜੈਪਾਲ ਸਿੰਘ ਮਾਨ ਦੀ ਅਗਵਾਈ ਵਿਚ ਭਾਰੀ ਪੁਲਿਸ ਫੋਰਸ ਖਬਰ ਮਿਲਦੇ ਹੀ ਘਟਨਾ ਵਾਲੀ ਥਾਂ ਲਈ ਰਵਾਨਾ ਹੋ ਗਈ। ਯਾਦ ਰਹੇ ਕਿ 6 ਅਕਤੂਬਰ ਨੂੰ ਅੰਮ੍ਰਿਤਸਰ-ਜਲੰਧਰ ਰੋਡ ਤੇ ਢਿਲਵਾਂ ਨੇੜੇ ਇਸੇ ਤਰ੍ਹਾਂ ਅਤਵਾਦੀਆਂ ਨੇ ਇਕ ਫਿਰਕੇ ਦੇ 6 ਬਸ ਮੁਸਾਫਰਾਂ ਨੂੰ ਗੋਲੀਆਂ ਮਾਰਕੇ ਹਲਾਕ ਕਰ ਦਿਤਾ ਸੀ। ਉਸ ਘਟਨਾ ਦੇ ਨਤੀਜੇ ਵਜੋਂ ਸ: ਦਰਬਾਰਾ ਸਿੰਘ ਵਜ਼ਾਰਤ ਬਰਤਰਫ ਕਰਕੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ ਸੀ। ਯੂ. ਐਨ. ਆਈ. ਅਨੁਸਾਰ ਬਸ ਸਰਹਾਲੀ ਨੇੜੇ ਰਾਤ ਦੇ ਲਗਪਗ 10 ਵਜੇ ਅਗਵਾ ਕੀਤੀ ਗਈ। ਏਥੇ ਪ੍ਰਾਪਤ ਖਬਰਾਂ ਅਨੁਸਾਰ ਅਤਵਾਦੀਆਂ ਨੇ ਕਤਲ ਕਰਨ ਤੋਂ ਪਹਿਲਾਂ ਮੁਸਾਫਰਾਂ ਨੂੰ ਬਸ ਤੋਂ ਹੇਠਾਂ ਉਤਾਰ ਲਿਆ। ਦਸਿਆ ਗਿਆ ਹੈ ਕਿ ਅਗਵਾਕਾਰ ਦੂਸਰੇ ਮੁਸਾਫਰਾਂ ਸਮੇਤ ਬਸ ਚਲਾਕੇ ਪੱਟੀ ਵਲ ਲੈ ਗਏ। ਖਬਰ ਹੈ ਕਿ ਅਤਵਾਦੀਆਂ ਨੇ 4 ਮੁਸਾਫਿਰਾਂ ਦੀਆਂ ਲਾਸ਼ਾਂ ਤਰਨਤਾਰਨ-ਜੰਡਿਆਲਾ ਰੋਡ ਤੇ ਪਿੰਡ ਖਬੀ ਡੋਗਰਾਂ ਦੇ ਸਰਪੰਚ ਦੇ ਖੇਤ ਵਿਚ ਸੁਟ ਦਿਤੀਆਂ। ਪੁਲਿਸ ਨੇ ਅਤਿਵਾਦੀਆਂ ਅਤੇ ਅਗਵਾ ਕੀਤੀ ਬਸ ਤੇ ਬਾਕੀ ਮੁਸਾਫਿਰਾਂ ਦੀ ਭਾਲ ਲਈ ਸਾਰੇ ਇਲਾਕੇ ਨੂੰ ਘੇਰ ਲਿਆ ਹੈ। ਅਤਿਵਾਦੀਆਂ ਦੀ ਗਿਣਤੀ ਦਾ ਤੁਰੰਤ ਪਤਾ ਨਹੀਂ ਲਗ ਸਕਿਆ। ਪੰਜਾਬ ਦੇ ਸਾਰੇ ਜ਼ਿਲਿਆਂ ਵਿਚ ਪੁਲਿਸ ਚੌਕਸ ਕਰ ਦਿਤੀ ਗਈ ਹੈ। ਜਿਸ ਇਲਾਕੇ ਵਿਚ ਘਟਨਾ ਵਾਪਰੀ ਹੈ ਉਸਨੂੰ ਅਤਵਾਦੀਆਂ ਦਾ ਵਡਾ ਗੜ੍ਹ ਸਮਝਿਆ ਜਾਂਦਾ ਹੈ ਪਿਛਲੇ ਮਹੀਨੇ ਪੁਲਸ ਨੇ ਇਸ ਖੇਤਰ ਦੇ ਬਹੁਤ ਸਾਰੇ ਪਿੰਡਾਂ ਵਿਚ ਅਤਵਾਦੀਆਂ ਦੀ ਭਾਲ ਵਿਚ ਛਾਪੇ ਮਾਰੇ ਸਨ।

ਸ੍ਰੀ ਜਗਤਪਤੀ ਅਤੇ ਸ: ਭਿੰਡਰ ਫਿਰੋਜ਼ਪੁਰ ਵਿਚ ਫੜੇ ਗਏ 3 ਲੁਟੇਰਿਆਂ ਬਾਰੇ ਮਸ਼ਵਰਾ ਕੀਤਾ

ਚੰਡੀਗੜ੍ਹ, 18 ਨਵੰਬਰ—(ਯੂ. ਐਨ. ਆਈ.) ਪੰਜਾਬ ਦੇ ਰਾਜਪਾਲ ਦੇ ਸਲਾਹਕਾਰ ਸ੍ਰੀ ਜਗਤਪਤੀ ਅਤੇ ਰਾਜ ਦੇ ਇੰਸਪੈਕਟਰ ਜਨਰਲ (ਅਮਨ ਤੇ ਕਾਨੂੰਨ) ਸ: ਪੀ. ਐਸ. ਭਿੰਡਰ ਅਜ ਹਵਾਈ ਜਹਾਜ਼ ਰਾਹੀਂ ਫਿਰੋਜ਼ਪੁਰ ਗਏ ਜਿਥੇ ਕਲ ਤਿੰਨ ਲੁਟੇਰਿਆਂ ਨੂੰ ਆਤਮ ਸਮਰਪਨ ਕਰਨ ਲਈ ਮਜਬੂਰ ਕੀਤਾ ਗਿਆ ਸੀ, ਬਾਰੇ ਉਚ ਪਧਰੀ ਮਸ਼ਵਰੇ ਕੀਤੇ। ਇਨ੍ਹਾਂ ਤਿੰਨਾਂ ਲੁਟੇਰਿਆਂ ਕਲ ਇਕ ਵਿਅਕਤੀ ਸੁਰਿੰਦਰ ਕੁਮਾਰ ਤੋਂ ਉਸ ਦਾ ਸਕੂਟਰ, ਘੜੀ ਤੇ ਨਗਦੀ ਖੋਹ ਲਈ ਤੇ ਪਿਛੋਂ ਗੰਨੇ ਦੇ ਖੇਤ ਵਿਚ ਲੁਕ ਗਏ ਸਨ। ਪੁਲਿਸ ਸੂਤਰ ਹਾਲਾਂ ਤਕ ਇਹ ਨਹੀਂ ਦਸ ਰਹੇ ਕਿ ਕੀ ਇਹ ਤਿੰਨੇ ਜਾਂ ਇਨ੍ਹਾਂ ਵਿਚ ਕੋਈ ਇਕ ਕਿਸੇ ਹੋਰ ਜੁਰਮ ਜਿਵੇਂ ਬੈਂਕ ਡਾਕਾ ਜਾਂ ਕਤਲਾਂ ਵਿਚ ਇਨ੍ਹਾਂ ਦੀ ਲੋੜ ਹੈ। ਇਨ੍ਹਾਂ ਸੂਤਰਾਂ ਅਨੁਸਾਰ ਇਨ੍ਹਾਂ ਤਿੰਨਾਂ ਤੋਂ ਪੁਛਗਿਛ ਕੀਤੀ ਜਾ ਰਹੀ ਹੈ। ਸ੍ਰੀ ਜਗਤਪਤੀ ਤੇ ਸ: ਭਿੰਡਰ ਅਜ ਬਾਅਦ ਦੁਪਹਿਰ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਮੌਕੇ ਦਾ ਜਾਇਜ਼ਾ ਲੈਣ ਲਈ ਫਿਰੋਜ਼ਪੁਰ ਪੁਜੇ ਸਨ। ਇਸ ਘਟਨਾ ਨਾਲ ਮੋਟਰ ਸਾਈਕਲ ਸਵਾਰ ਪੁਲਿਸ ਸੁਕੇਡ ਨੂੰ ਉਤਸ਼ਾਹ ਮਿਲਿਆ ਹੈ ਜਿਨ੍ਹਾਂ ਇਕ ਵੀ ਗੋਲੀ ਚਲਾਏ ਬਿਨਾਂ ਲੁਟੇਰਿਆਂ ਨੂੰ ਪਿਛਾ ਕਰਕੇ ਫੜ ਲਿਆ। ਪੁਲਸ ਨੇ ਇਨ੍ਹਾਂ ਤਿੰਨਾਂ ਲੁਟੇਰਿਆਂ ਕੋਲੋਂ 3 ਦੇਸੀ ਪਿਸਤੌਲ, ਕੁਝ ਵਰਤੇ ਤੇ ਅਣ ਵਰਤੇ ਕਾਰਤੂਸ, ਸਕੂਟਰ ਤੇ ਗੁਰਿੰਦਰ ਕੁਮਾਰ ਤੋਂ ਖੋਹੀ ਘੜੀ ਵੀ ਬਰਾਮਦ ਕਰਲਈ ਹੈ।

ਅਨਾਜ ਦਾ ਟੀਚਾ ਪੂਰਾ ਹੋਏਗਾ—ਰਾਓ

ਨਵੀਂ ਦਿਲੀ, 18 ਨਵੰਬਰ—(ਪੀ. ਟੀ. ਆਈ.)—ਕੇਂਦਰੀ ਖੇਤੀ ਮੰਤਰੀ ਰਾਓ ਬਰਿੰਦਰ ਸਿੰਘ ਨੇ ਅਜ ਦਸਿਆ ਕਿ ਮੌਜੂਦਾ ਅਨੁਮਾਨ ਅਨੁਸਾਰ ਇਸ ਸਾਲ ਅਨਾਜ ਦੇ ਉਤਪਾਦਨ ਦਾ ਸਿਖਿਆ 14 ਕਰੋੜ 20 ਲਖ ਟਨ ਦਾ ਟੀਚਾ ਪੂਰਾ ਹੋਣ ਦੀ ਆਸ ਹੈ। ਜੇਕਰ ਸਰਦੀਆਂ 'ਚ ਮੌਸਮ ਚੰਗਾ ਰਿਹਾ ਤਾਂ ਇਹ ਨਿਸ਼ਾਨਾ ਪੂਰਾ ਹੋ ਜਾਏਗਾ।

—ਭਾਰਤ ਨੂੰ ਗਰੇਨਾਡਾ 'ਚ ਸ਼ਾਂਤੀ ਕਾਇਮ ਰਖਣ ਲਈ ਕਾ: ਮਨਵੈਲਥ ਸੁਰਖਿਆ ਸੈਨਾ ਵਿਚ ਸ਼ਾਮਲ ਹੋਣ ਦਾ ਸੱਦਾ ਨਹੀਂ ਮਿਲਿਆ—ਰਹੀਮ।

...ਤ ਦੇਣ ਲਈ ਨਹੀਂ ਕਿਹਾ

...ਡੇ ਨੂੰ ਮਿਲ ਕੇ ਨਹਿਰ ਤੇਜ਼ੀ ਨਾਲ ਉਸਾਰਨ ਤੇ ਜ਼ੋਰ

...ਜਾ ਰਹੀ ਹੈ ਅਤੇ ਇਸ ਮਾਮਲੇ ਤੇ ਹਾਈ ਕਮਾਂਡ ਨਾਲ ਵੀ ਵਿਚਾਰ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਵਜ਼ਾਰਤ ਵਿਚ ਵਾਧੇ ਬਾਰੇ ਪ੍ਰਧਾਨ ਮੰਤਰੀ ਨਾਲ ਹਾਲਾਂ ਵਿਚਾਰ ਕਰਨਾ ਬਾਕੀ ਹੈ। ਪ੍ਰਧਾਨ ਮੰਤਰੀ ਪਾਰਲੀਮੈਂਟ ਅਤੇ ਕਾਮਨਵੈਲਥ ਮੁਖੀਆਂ ਦੀ ਕਾਨਫਰੰਸ ਕਾਰਨ ਰੁਝੇ ਹੋਏ ਹਨ।

ਹਲਕੇ ਲੜਾਕੇ ਜਹਾਜ਼ ਤਿਆਰੀ ਨੂੰ ਪ੍ਰਵਾਨਗੀ

ਨਵੀਂ ਦਿਲੀ, 18 ਨਵੰਬਰ—(ਯੂ. ਐਨ. ਆਈ.) ਰਖਿਆ ਮੰਤਰੀ ਸ੍ਰੀ ਵੇਂਕਟਾਰਮਨ ਨੇ ਅਜ ਲੋਕ ਸਭਾ ਵਿਚ ਦਸਿਆ ਕਿ ਸਰਕਾਰ ਵਲੋਂ ਫੰਡਾਂ ਦੀ ਕਮੀ ਦੇ ਬਾਵਜੂਦ ਹਲਕੇ ਲੜਾਕੇ ਹਵਾਈ ਜਹਾਜ਼ ਤਿਆਰ ਕਰਨ ਦੇ ਪ੍ਰੋਗਰਾਮ ਨੂੰ ਪ੍ਰਵਾਨਗੀ ਦੇ ਦਿਤੀ ਗਈ। ਆਪ ਸ੍ਰੀ ਸੁਸ਼ੀਲ ਭਟਾਚਾਰੀਆ ਦੇ ਪ੍ਰਸ਼ਨ ਦੇ ਉਤਰ ਦੇ ਰਹੇ ਸਨ। ਇਹਨਾਂ ਨੇ ਪੁਛਿਆ ਸੀ ਕੀ ਕਿ 1500 ਕਰੋੜ ਰੁਪੈ ਦੇ ਹਲਕੇ ਲੜਾਕਾ ਹਵਾਈ ਜਹਾਜ਼ ਤਿਆਰ ਕਰਨ ਦੇ ਪ੍ਰੋਗਰਾਮ

ਦਰਬਾਰ ਸਾਹਿਬ ਕੰਪਲੈਕਸ 'ਚ ਪੁਲਸ ਕਾਰਵਾਈ ਮੁਕੰਮਲ

ਭਾਈ ਗੁਰਦੇਵ ਸਿੰਘ ਸਮੇਤ 300 ਗ੍ਰਿਫ਼ਤਾਰ-ਗੋਲੀ ਲਗਣ ਨਾਲ ਇਕ ਨੌਜੁਆਨ ਦੀ ਮੌਤ -ਹੋਰ ਦੋ ਫੱਟੜ

ਗੁਰਦੁਆਰਾ ਸ਼ਹੀਦਾਂ ਤੇ ਦਰਬਾਰ ਸਾਹਿਬ ਤਰਨਤਾਰਨ 'ਚ ਵੀ ਪੁਲਸ ਕਾਰਵਾਈ

ਸਮੂਹ ਅੱਜ ਸ਼੍ਰੋਮਣੀ ਕਮੇਟੀ ਹਵਾਲੇ ਹੋਵੇਗਾ

ਦੋ ਸੌ ਸਟਨ ਗ੍ਰਨੇਡ ਸੁਟੇ ਗਏ-ਦੋ ਦੁਕਾਨਾਂ ਨੂੰ ਅੱਗ ਜਵਾਬੀ ਕਾਰਵਾਈ ਦੇ ਟਾਕਰੇ ਲਈ ਪੂਰੀ ਸਾਵਧਾਨੀ

ਪੁਲਸ ਨੂੰ ਛੇਤੀ ਵਾਪਸ ਨਹੀਂ ਸਦਿਆ ਜਾਵੇਗਾ-ਹੋਰ ਗੁਰਦੁਆਰੇ ਵੀ ਮੁਕਤ ਕਰਾਵਾਂਗੇ-ਰਿਬੈਰੋ ਦਾ ਬਿਆਨ

ਚੰਡੀਗੜ੍ਹ, 1 ਮਈ-(ਪੀ ਟੀ ਆਈ, ਯੂ ਐਨ ਆਈ) ਪੁਲਸ ਕਮਾਂਡੋਜ਼ ਅਤੇ ਨੀਮ ਫ਼ੌਜੀ ਦਸਤਿਆਂ ਨੇ ਦਰਬਾਰ ਸਾਹਿਬ ਸਮੂਹ ਵਿਚ ਕਥਿਤ ਅੱਤਵਾਦੀਆਂ ਦੇ 'ਸਫ਼ਾਏ' ਲਈ ਕਲ੍ਹ ਤੀਜੇ ਪਹਿਰ ਅਰੰਭ ਕੀਤਾ ਗਿਆ 'ਆਪਰੇਸ਼ਨ' ਅੱਜ ਸਵੇਰੇ 5 ਵਜੇ ਮੁਕੰਮਲ ਕਰ ਲਿਆ ਅਤੇ ਅਕਾਲ ਤਖ਼ਤ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਸਮੇਤ ਲਗਭਗ 200 ਬੰਦਿਆਂ ਨੂੰ ਹਿਰਾਸਤ ਵਿਚ ਲੈ ਲਿਆ। ਫੜੇ ਗਏ ਬੰਦਿਆਂ ਵਿਚ 30 ਬੀਬੀਆਂ ਅਤੇ ਕੁਝ ਅੱਤਵਾਦੀ ਵੀ ਦੱਸੇ ਜਾਂਦੇ ਹਨ। ਆਪਰੇਸ਼ਨ ਦੌਰਾਨ ਇਕ 18 ਸਾਲਾ ਨੌਜਵਾਨ ਮਾਰਿਆ ਗਿਆ ਜਦਕਿ ਸ਼੍ਰੋਮਣੀ ਕਮੇਟੀ ਦੇ ਦੋ ਮੁਲਾਜ਼ਮ ਹਰਦੀਪ ਸਿੰਘ ਤੇ ਨਿਸ਼ਾਨ ਸਿੰਘ ਫੱਟੜ ਹੋ ਗਏ। ਕਮੇਟੀ ਦਾ ਇਕ ਮੁਲਾਜ਼ਮ ਅਤੇ ਇਕ ਸਿਪਾਹੀ ਵੀ ਜ਼ਖਮੀ ਹੋਇਆ ਜਿਨ੍ਹਾਂ ਨੂੰ ਗੁਰੂ ਤੇਗ਼ ਬਹਾਦਰ ਹਸਪਤਾਲ ਦਾਖ਼ਲ ਕਰਾਇਆ ਗਿਆ ਹੈ।

ਸਰਕਾਰੀ ਦਾਅਵਾ

ਸਰਕਾਰੀ ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਨੀਮ ਫ਼ੌਜੀ ਦਸਤਿਆਂ ਨੇ ਦਰਬਾਰ ਸਾਹਿਬ ਕੰਪਲੈਕਸ ਨੂੰ ਕਥਿਤ ਅੱਤਵਾਦੀ ਅਨਸਰਾਂ ਤੋਂ ਪੂਰੀ ਤਰ੍ਹਾਂ ਮੁਕਤ ਕਰਾ ਲਿਆ ਹੈ। ਜਿਸ ਉਤੇ ਕਿ ਉਨ੍ਹਾਂ ਨੇ ਪਿਛਲੇ ਚਾਰ ਮਹੀਨਿਆਂ ਤੋਂ ਨਾਜਾਇਜ਼ ਕਬਜ਼ਾ ਕਰ ਰੱਖਿਆ ਸੀ। ਸਰਕਾਰੀ ਤਰਜਮਾਨ ਨੇ ਇਹ ਵੀ ਕਿਹਾ ਕਿ ਸੁਰੱਖਿਆ ਦਸਤਿਆਂ ਜਾਂ ਪੁਲਸ ਦਾ ਇਕ ਵੀ ਵਿਅਕਤੀ ਦਰਬਾਰ ਸਾਹਿਬ ਦੀ ਸਰਕਾਰੀ ਡਿਉਢੀ ਤੋਂ ਅੱਗੇ ਨਹੀਂ ਗਿਆ। ਨੀਮ ਫ਼ੌਜੀ ਦਸਤਿਆਂ ਨੇ ਕਲ੍ਹ ਤੀਜੇ ਪਹਿਰ ਕੰਪਲੈਕਸ ਵਿਚ ਪ੍ਰਵੇਸ਼ ਕੀਤਾ ਸੀ ਅਤੇ ਰਾਤ ਤਕ ਲਗਭਗ ਇਕ ਸੌ ਵਿਅਕਤੀਆਂ ਨੂੰ ਫੜ ਲਿਆ ਸੀ। ਰਾਤ ਭਰ ਦੀ ਕਾਰਵਾਈ ਦੌਰਾਨ ਲਗਭਗ ਹੋਰ ਇਕ ਸੌ ਵਿਅਕਤੀਆਂ ਨੂੰ ਫੜਿਆ ਗਿਆ। ਕੁਝ ਹਥਿਆਰ ਅਤੇ ਗੋਲੀ ਸਿੱਕਾ ਵੀ ਸੁਰੱਖਿਆ ਦਸਤਿਆਂ ਦੇ ਹੱਥ ਲੱਗਾ।

ਆਤਮ ਸਮਰਪਣ 5 ਵਜੇ

ਖ਼ਬਰ ਹੈ ਕਿ ਕਮਾਂਡੋ ਦਸਤਿਆਂ ਦੇ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਦਾਖ਼ਲੇ ਤੋਂ 2 ਘੰਟੇ ਮਗਰੋਂ ਤੜਕੇ ਲਗਭਗ 5 ਵਜੇ ਅਕਾਲ ਤਖ਼ਤ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਅਤੇ ਹੋਰ ਲਗਭਗ 70 ਵਿਅਕਤੀਆਂ ਵਲੋਂ ਆਤਮ ਸਮਰਪਣ ਕੀਤਾ ਗਿਆ। ਪੀ ਟੀ ਆਈ ਅਨੁਸਾਰ ਆਪਰੇਸ਼ਨ ਤੜਕੇ ਤਿੰਨ ਵਜੇ ਮੁਕੰਮਲ ਹੋਇਆ। ਭਾਈ ਗੁਰਦੇਵ ਸਿੰਘ ਹਰਿਮੰਦਰ ਸਾਹਿਬ ਦੇ ਅੰਦਰ ਚਲੇ ਗਏ ਸਨ। ਇਸ ਤੋਂ ਪਹਿਲਾਂ ਪੁਲਸ ਵਲੋਂ ਲਾਊਡ ਸਪੀਕਰ ਰਾਹੀਂ ਉਨ੍ਹਾਂ ਨੂੰ ਆਤਮ ਸਮਰਪਣ ਕਰਨ ਲਈ ਵਾਰ ਵਾਰ ਕਿਹਾ ਗਿਆ। ਆਤਮ ਸਮਰਪਣ ਲਈ ਇਕ ਘੰਟੇ ਦਾ ਸਮਾਂ ਦਿਤਾ ਗਿਆ ਸੀ। ਆਖ਼ਰ ਦਰਬਾਰ ਸਾਹਿਬ ਦੇ ਗ੍ਰੰਥੀ ਗਿ. ਪੂਰਨ ਸਿੰਘ ਦੀ ਮਦਦ ਨਾਲ ਦਰਬਾਰ ਸਾਹਿਬ ਵਿਚਲੇ ਵਿਅਕਤੀਆਂ ਨੇ ਪੁਲਸ ਅੱਗੇ ਆਤਮ ਸਮਰਪਣ ਕੀਤਾ। ਇਸ ਤੋਂ ਪਹਿਲਾਂ ਕਮਾਂਡੋ ਦਸਤਿਆਂ ਨੇ ਪਰਿਕਰਮਾ ਸਮੇਤ ਦਰਬਾਰ ਸਾਹਿਬ ਸਮੂਹ ਦਾ ਕਬਜ਼ਾ ਪੁਲਸ ਨੂੰ ਦੇ ਦਿਤਾ ਸੀ। ਭਾਈ ਗੁਰਦੇਵ ਸਿੰਘ 26 ਜਨਵਰੀ ਨੂੰ ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਬੁਲਾਏ ਗਏ ਸਰਬੱਤ ਖ਼ਾਲਸਾ ਸੰਮੇਲਨ ਵਲੋਂ ਅਕਾਲ ਤਖ਼ਤ ਦੇ ਜਥੇਦਾਰ ਨਿਯੁਕਤ ਕੀਤੇ ਗਏ ਸਨ।

ਬੇਗੁਨਾਹ ਛੱਡੇ ਜਾਣਗੇ

ਸਰਕਾਰੀ ਤਰਜਮਾਨ ਨੇ ਦਸਿਆ ਕਿ ਦਰਬਾਰ ਸਾਹਿਬ ਸਮੂਹ ਵਿਚੋਂ ਫੜੇ ਗਏ ਵਿਅਕਤੀਆਂ ਦੀ ਜਾਂਚ ਪੜਤਾਲ (ਸਕਰੀਨਿੰਗ) ਆਰੰਭ ਕਰ ਦਿਤੀ ਗਈ ਹੈ ਅਤੇ ਬੇਗੁਨਾਹ ਵਿਅਕਤੀਆਂ ਨੂੰ ਛੱਡ ਦਿਤਾ ਜਾਵੇਗਾ। ਸੁਰੱਖਿਆ ਦਸਤੇ ਕਲ੍ਹ ਤੀਜੇ ਪਹਿਰ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖ਼ਲ ਹੋਏ ਸਨ। ਸੂਤਰਾਂ ਅਨੁਸਾਰ ਕੰਪਲੈਕਸ ਵਿਚ ਮੁਕੰਮਲ ਅਮਨ ਹੈ।

ਸਰਦਾਰ ਜਾਂ ਪ੍ਰਬੰਧਕ

ਮੁਢਲੀਆਂ ਸੂਚਨਾਵਾਂ ਅਨੁਸਾਰ ਦਰਬਾਰ ਸਾਹਿਬ ਵਿਚੋਂ ਫੜੇ ਗਏ ਵਿਅਕਤੀਆਂ ਵਿਚੋਂ ਬਹੁਤੇ ਜਾਂ ਤਾਂ ਸ਼ਰਧਾਲੂ ਹਨ ਜਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ ਹਨ। ਉਨ੍ਹਾਂ ਤੋਂ ਅੱਤਵਾਦੀਆਂ ਬਾਰੇ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਪਤਾ ਲਗਾ ਹੈ ਕਿ ਖ਼ਾਲਿਸਤਾਨ ਦੀ ਸਥਾਪਨਾ ਦਾ ਐਲਾਨ ਕਰਨ ਵਾਲੀ ਪੰਜ ਮੈਂਬਰੀ ਪੰਥਕ ਕਮੇਟੀ ਦੇ ਮੈਂਬਰ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਨਵੀਨਰ ਸ. ਹਰਿੰਦਰ ਸਿੰਘ ਕਾਹਲੋਂ ਪੁਲਸ ਦੇ ਕੰਪਲੈਕਸ ਵਿਚ ਦਾਖ਼ਲੇ ਤੋਂ ਪਹਿਲਾਂ ਹੀ ਮੰਗਲਵਾਰ ਦੀ ਰਾਤ ਨੂੰ ਫਰਾਰ ਹੋ ਗਏ ਸਨ। ਇਹ ਫੌਰਨ ਪਤਾ ਨਹੀਂ ਲਗ ਸਕਿਆ ਕਿ ਪੁਲਸ ਨੂੰ ਲੋੜੀਂਦਾ ਕੋਈ ਅੱਤਵਾਦੀ ਫੜਿਆ ਗਿਆ ਹੈ ਕਿ ਨਹੀਂ।

ਕਬਜ਼ਾ ਅੱਜ ਮਿਲੇਗਾ

ਇਸੇ ਦੌਰਾਨ ਜਾਣਕਾਰ ਸੂਤਰਾਂ ਅਨੁਸਾਰ ਦਰਬਾਰ ਸਾਹਿਬ ਦਾ ਕਬਜ਼ਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿਤਾ ਜਾਵੇਗਾ। ਇਸੇ ਦੌਰਾਨ ਦਰਬਾਰ ਸਾਹਿਬ ਦੇ ਖੇਤਰ ਵਿਚ ਲਗਾਇਆ ਗਿਆ ਕਰਫ਼ਿਊ ਅੱਜ ਸ਼ਾਮ ਹਟਾ ਲਿਆ ਗਿਆ ਪਰ ਰਾਤ 8 ਤੋਂ ਸਵੇਰੇ ਚਾਰ ਵਜੇ ਤਕ ਕਰਫ਼ਿਊ ਲੱਗਾ ਰਹੇਗਾ। ਯਾਦ ਰਹੇ ਕਿ ਕਲ੍ਹ ਕਾਰਵਾਈ ਸਮੇਂ ਪੁਲਸ ਨੇ ਕਈ ਵਾਰ ਹਵਾ ਵਿਚ ਗੋਲੀਆਂ ਚਲਾਈਆਂ ਸਨ। ਖ਼ਬਰ ਹੈ ਕਿ ਜਦ ਕਮਾਂਡੋ ਦਸਤੇ ਰਾਤ ਲਗਭਗ ਸਾਢੇ ਦਸ ਵਜੇ ਪਰਿਕਰਮਾ ਵਿਚ ਦਾਖ਼ਲ ਹੋਏ ਤਾਂ ਤਲਵਾਰਾਂ ਨਾਲ ਲੈਸ ਕੁਝ ਬੰਦਿਆਂ ਵਲੋਂ ਕਰੜਾ ਵਿਰੋਧ ਕੀਤਾ ਗਿਆ। ਇਸ ਸਮੇਂ ਵੀ ਦਸਤਿਆਂ ਵਲੋਂ ਹਵਾਈ ਫਾਇਰਿੰਗ ਕੀਤੀ ਗਈ।

ਰਿਬੈਰੋ ਦੀ ਪ੍ਰੈਸ ਕਾਨਫਰੰਸ

ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਸ੍ਰੀ ਰਿਬੈਰੋ ਨੇ ਅੱਜ ਏਥੇ ਇਕ ਪ੍ਰੈਸ ਕਾਨਫਰੰਸ ਵਿਚ ਸਪੱਸ਼ਟ ਕੀਤਾ ਕਿ ਕਲ੍ਹ ਸੁਰੱਖਿਆ ਦਸਤਿਆਂ ਅਤੇ ਪੁਲਸ ਦਾ ਦਰਬਾਰ ਸਾਹਿਬ ਸਮੂਹ ਵਿਚ ਗੋਲੀਆਂ ਦਾ ਵਟਾਂਦਰਾ ਨਹੀਂ ਹੋਇਆ ਅਤੇ ਨਾ ਹੀ ਦਰਬਾਰ ਸਾਹਿਬ ਵਿਚਲੇ ਵਿਅਕਤੀਆਂ ਵਲੋਂ ਕਿਸੇ ਤਰ੍ਹਾਂ ਦਾ ਮੁਕਾਬਲਾ ਜਾਂ ਵਿਰੋਧ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਪਰੇਸ਼ਨ ਕਲ੍ਹ ਸ਼ਾਮ ਪੰਜ ਵਜੇ ਆਰੰਭ ਹੋਇਆ ਸੀ ਜੋ ਅੱਜ ਸਵੇਰੇ ਸਾਢੇ 6 ਵਜੇ ਮੁਕੰਮਲ ਹੋਇਆ। ਉਨ੍ਹਾਂ ਕਿਹਾ ਕਿ ਇਕ ਨੌਜਵਾਨ ਹਲਾਕ ਅਤੇ 2 ਹੋਰ ਬੰਦੇ ਫੱਟੜ ਹੋਏ ਹਨ। ਸ੍ਰੀ ਰਿਬੈਰੋ ਨੇ ਕਿਹਾ ਕਿ ਜਾਪਦਾ ਹੈ ਕਿ ਖ਼ਾਲਿਸਤਾਨ ਲਈ ਲੜਾਈ ਆਰੰਭ ਕਰਨ ਦਾ ਐਲਾਨ ਕਰਨ ਵਾਲੀ ਪੰਥਕ ਕਮੇਟੀ ਦੇ ਪੰਜੇ ਮੈਂਬਰ ਐਲਾਨ ਤੋਂ ਤੁਰੰਤ ਮਗਰੋਂ ਦਰਬਾਰ ਸਾਹਿਬ ਵਿਚੋਂ ਖਿਸਕ ਗਏ।

ਲੋੜੀਂਦੇ ਬੰਦੇ ਖਿਸਕ ਗਏ

ਸ੍ਰੀ ਰਿਬੈਰੋ ਨੇ ਮੰਨਿਆ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਦੇ ਪੁਲਸ ਨੂੰ ਲੋੜੀਂਦੇ ਬੰਦੇ ਕਾਰਵਾਈ ਤੋਂ ਪਹਿਲਾਂ ਹੀ ਦਰਬਾਰ ਸਾਹਿਬ ਵਿਚੋਂ ਖਿਸਕ ਗਏ। ਉਨ੍ਹਾਂ ਕਿਹਾ ਕਿ ਹਰਿੰਦਰ ਸਿੰਘ ਕਾਹਲੋਂ ਅਤੇ ਉਹਨਾਂ ਦੇ ਦੂਸਰੇ ਸਾਥੀ ਪੁਲਸ ਐਕਸ਼ਨ ਤੋਂ ਕੁਝ ਹੀ ਸਮਾਂ ਪਹਿਲਾਂ ਦਰਬਾਰ ਸਾਹਿਬ ਵਿਚੋਂ ਗਏ।

ਕਾਰਵਾਈ 'ਲੀਕ' ਹੋ ਗਈ

ਇਕ ਪ੍ਰਸ਼ਨ ਦੇ ਉੱਤਰ ਵਿਚ ਕਿ ਕੀ ਕੰਪਲੈਕਸ ਵਿਚੋਂ ਅੱਤਵਾਦੀ ਫੜਨ ਦੇ ਨਿਸ਼ਾਨੇ ਵਿਚ ਅਸਫ਼ਲਤਾ ਮਿਲੀ ਹੈ, ਸ੍ਰੀ ਰਿਬੈਰੋ ਨੇ ਕਿਹਾ "ਸਾਡਾ ਮੁਖ ਉਦੇਸ਼ ਦਰਬਾਰ ਸਾਹਿਬ ਵਿਚੋਂ ਮੁਜਰਮਾਂ ਅਤੇ ਅੱਤਵਾਦੀਆਂ ਨੂੰ ਕਢਣਾ ਅਤੇ ਸਮੂਹ ਦਾ ਕੰਟਰੋਲ ਉਸ ਦੇ ਕਾਨੂੰਨੀ ਹੱਕਦਾਰ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਨਾ ਸੀ। ਇਹ ਨਿਸ਼ਾਨਾ ਪ੍ਰਾਪਤ ਕਰਨ ਵਿਚ ਮੈਂ ਸਫਲ ਰਿਹਾ ਹਾਂ।" ਉਹਨਾਂ ਕਿਹਾ ਕਿ "ਇਹ ਸੰਭਵ ਨਹੀਂ ਸੀ ਕਿ ਏਨੀ ਵੱਡੀ ਕਾਰਵਾਈ ਦੀ ਯੋਜਨਾ ਪੂਰੀ ਤਰ੍ਹਾਂ ਗੁਪਤ ਰਖੀ ਜਾ ਸਕਦੀ। ਜਾਪਦਾ ਹੈ ਕਿ ਪੁਲਸ ਨੂੰ ਲੋੜੀਂਦੇ ਵਿਅਕਤੀਆਂ ਨੂੰ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਕੁਝ ਪਤਾ ਲਗ ਗਿਆ ਹੋਵੇਗਾ।"

300 ਵਿਅਕਤੀ ਫੜੇ

ਪੁਲਸ ਮੁਖੀ ਨੇ ਦਸਿਆ ਕਿ ਦਰਬਾਰ ਸਾਹਿਬ ਸਮੂਹ ਵਿਚੋਂ ਤਿੰਨ ਸੌ ਵਿਅਕਤੀ ਕਾਬੂ ਕੀਤੇ ਗਏ ਹਨ। ਜਾਂਚ ਮਗਰੋਂ ਬੇਗੁਨਾਹ ਅਤੇ ਸ਼ਰਧਾਲੂਆਂ ਨੂੰ ਰਿਹਾਅ ਕਰ ਦਿਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਦਾ ਅਜੇ ਪਤਾ ਲਗਾਇਆ ਜਾਣਾ ਹੈ ਕਿ ਪੁਲਸ ਨੂੰ ਲੋੜੀਂਦਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਕੋਈ ਵਿਅਕਤੀ ਫੜਿਆ ਗਿਆ ਹੈ ਕਿ ਨਹੀਂ ਪਰ ਪੁਲਸ ਨੂੰ ਇਕ ਵੱਡੀ ਪ੍ਰਾਪਤੀ ਭਾਈ ਗੁਰਦੇਵ ਸਿੰਘ ਦੀ ਗ੍ਰਿਫ਼ਤਾਰੀ ਦੇ ਰੂਪ ਵਿਚ ਹੋਈ ਹੈ, ਜੋ ਜ਼ਿੰਮੇਵਾਰੀ ਕਬੂਲ ਰਹੇ ਹਨ ਅਤੇ ਕਈਆਂ ਕੇਸਾਂ ਵਿਚ ਪੁਲਸ ਨੂੰ ਲੋੜੀਂਦੇ ਸਨ।

ਕਿਹੜੇ ਕਿਹੜੇ ਹਥਿਆਰ ਮਿਲੇ

ਸ੍ਰੀ ਰਿਬੈਰੋ ਨੇ ਕਿਹਾ ਕਿ ਕਾਰਵਾਈ ਦੌਰਾਨ ਸਮੂਹ ਵਿਚੋਂ ਪੁਲਸ ਨੂੰ ਇਕ ਰਿਵਾਲਵਰ, ਇਕ ਪਿਸਤੌਲ, ਇਕੋ ਨਾਲ ਇਕੋ ਦੀ ਇਕ ਰਾਈਫ਼ਲ, ਬਾਰਾ ਬੋਰ ਦੀ ਇਕ ਗਨ ਅਤੇ 20 ਕਾਰਤੂਸ ਬਰਾਮਦ ਹੋਏ ਹਨ।

ਕਿੰਨੀ ਕਿੰਨੀ ਕਿਹੜੀ ਫੋਰਸ

ਉਨ੍ਹਾਂ ਕਿਹਾ ਕਿ ਇਹ ਮੁਖ ਤੌਰ ਤੇ ਪੁਲਸ ਦੀ ਕਾਰਵਾਈ ਸੀ ਜਿਸ ਵਿਚ ਸੀ ਐਸ ਐਫ ਅਤੇ ਸੀ ਆਰ ਪੀ ਵਲੋਂ ਸਹਾਇਤਾ ਕੀਤੀ ਗਈ। ਇਸ ਤੋਂ ਇਲਾਵਾ ਤਿੰਨ ਸੌ ਕਮਾਂਡੋਜ਼ ਨੇ ਵੀ ਕਾਰਵਾਈ ਵਿਚ ਹਿੱਸਾ ਲਿਆ। ਬੀ ਐਸ ਐਫ ਅਤੇ ਸੀ ਆਰ ਪੀ ਦੀਆਂ 25 ਕੰਪਨੀਆਂ ਵੀ ਕਾਰਵਾਈ ਵਿਚ ਸ਼ਾਮਲ ਸਨ। 7 ਕੰਪਨੀਆਂ ਵਲੋਂ ਗੁਰੂ ਰਾਮ ਦਾਸ ਸਰਾਂ, ਗੁਰੂ ਨਾਨਕ ਨਿਵਾਸ ਅਤੇ ਅਕਾਲ ਰੈਸਟ ਹਾਊਸ ਦੀ ਤਲਾਸ਼ੀ ਲਈ ਗਈ। 12 ਕੰਪਨੀਆਂ ਸਾਰੇ ਕੰਪਲੈਕਸ ਵਿਚ ਤਾਇਨਾਤ ਕੀਤੀਆਂ ਗਈਆਂ ਜਦਕਿ 300 ਕਮਾਂਡੋ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਦਾਖ਼ਲ ਹੋਏ। ਇਕ ਪ੍ਰਸ਼ਨ ਦੇ ਉੱਤਰ ਵਿਚ ਸ੍ਰੀ ਰਿਬੈਰੋ ਨੇ ਕਿਹਾ ਕਿ ਕਮਾਂਡੋ ਪੁਲਸ ਦੇ ਬੰਦੇ ਸਨ ਅਤੇ ਉਹ ਵਿਸ਼ੇਸ਼ ਤੌਰ ਤੇ ਦਿੱਲੀ ਵਿਚ ਟ੍ਰੇਂਡ ਕੀਤੇ ਹੋਏ ਸਨ ਅਤੇ ਉਹ ਦਿੱਲੀ ਤੋਂ ਹਵਾਈ ਜਹਾਜ਼ਾ ਰਾਹੀਂ ਲਿਆਂਦੇ ਗਏ ਸਨ। ਉਨ੍ਹਾਂ ਤੋਂ ਪੁੱਛਿਆ ਗਿਆ ਸੀ ਕਿ ਕੀ ਕਮਾਂਡੋ ਫ਼ੌਜ ਵਿਚੋਂ ਲਏ ਗਏ ਸਨ, ਜਿਨ੍ਹਾਂ ਦੀ ਅਗਵਾਈ ਇਕ ਫ਼ੌਜੀ ਅਫ਼ਸਰ ਕਰ ਰਿਹਾ ਸੀ।

02 ਮਈ 1986

ਤਰਨਤਾਰਨ 'ਚ ਵੀ ਕਾਰਵਾਈ

ਸ੍ਰੀ ਰਿਬੈਰੋ ਨੇ ਦਸਿਆ ਕਿ ਦਰਬਾਰ ਸਾਹਿਬ ਵਿਚ ਕਾਰਵਾਈ ਦੇ ਨਾਲ ਹੀ ਏਥੇ ਗੁਰਦੁਆਰਾ ਸ਼ਹੀਦਾਂ ਅਤੇ ਦਰਬਾਰ ਸਾਹਿਬ ਤਰਨਤਾਰਨ ਵਿਚ ਵੀ ਕਾਰਵਾਈ ਕੀਤੀ ਗਈ। ਇਨ੍ਹਾਂ ਥਾਵਾਂ ਤੇ ਫੜੇ ਗਏ ਵਿਅਕਤੀਆਂ ਜਾਂ ਹਥਿਆਰਾਂ ਆਦਿ ਦਾ ਵੇਰਵਾ ਅਜੇ ਮਿਲਣਾ ਬਾਕੀ ਹੈ। ਉਨ੍ਹਾਂ ਇਸ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਕਿ ਪੁਲਸ ਵਲੋਂ ਦਰਬਾਰ ਸਾਹਿਬ ਤੇ ਦੂਸਰੇ ਗੁਰਦੁਆਰਿਆਂ ਵਿਚ ਕੀਤੀ ਗਈ ਕਾਰਵਾਈ ਵਿਰੁਧ ਜਵਾਬੀ ਕਾਰਵਾਈ ਹੋ ਸਕਦੀ ਹੈ। ਰਾਜ ਵਿਚ ਪੁਲਸ ਨੇ ਸਾਰੇ ਇਹਤਿਆਤੀ ਕਦਮ ਉਠਾਏ ਹਨ ਅਤੇ ਇਸ ਸਬੰਧ ਵਿਚ ਜ਼ਿਲ੍ਹਾ ਪੁਲਸ ਮੁਖੀਆਂ ਨੂੰ ਸਾਵਧਾਨ ਕਰ ਦਿਤਾ ਗਿਆ ਹੈ।

ਕਮੇਟੀ ਨੂੰ ਕੰਟਰੋਲ ਕਲ

ਇਕ ਪ੍ਰਸ਼ਨ ਦੇ ਉੱਤਰ ਵਿਚ ਰਿਬੈਰੋ ਨੇ ਕਿਹਾ ਕਿ ਦਰਬਾਰ ਸਾਹਿਬ ਦਾ ਕੰਟਰੋਲ ਕਲ੍ਹ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦਿਤਾ ਜਾਵੇਗਾ। ਉਹਨਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਕਾਰਵਾਈ ਦੌਰਾਨ ਦਰਬਾਰ ਸਾਹਿਬ ਦੇ ਆਸਪਾਸ ਦੇ ਘਰਾਂ ਦੀ ਵੀ ਤਲਾਸ਼ੀ ਲਈ ਗਈ। ਉਨ੍ਹਾਂ ਕਿਹਾ ਕਿ ਕੰਪਲੈਕਸ ਵਿਚ ਕਲ੍ਹ 3-4 ਗੋਲੀਆਂ ਹੀ ਹਵਾ ਵਿਚ ਚਲਾਈਆਂ ਗਈਆਂ। ਉਨ੍ਹਾਂ ਮੰਨਿਆ ਕਿ ਇਕ ਨੌਜਵਾਨ ਦੀ ਮੌਤ ਗੋਲੀ ਲਗਣ ਕਾਰਨ ਹੋਈ। 2 ਵਿਅਕਤੀ ਗੋਲੀਆਂ ਲਗਣ ਨਾਲ ਹੀ ਜ਼ਖ਼ਮੀ ਹੋਏ।

ਪੁਲਸ ਛੇਤੀ ਨਹੀਂ ਹਟੇਗੀ

ਪੁਲਸ ਮੁਖੀ ਨੇ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਛੇਤੀ ਪੁਲਸ ਹਟਾਏ ਜਾਣ ਦੀ ਸੰਭਾਵਨਾ ਰੱਦ ਕਰ ਦਿਤੀ। ਉਨ੍ਹਾਂ ਕਿਹਾ, "ਦਰਬਾਰ ਸਾਹਿਬ ਦੀ ਅੱਤਵਾਦੀਆਂ ਅਤੇ ਮੁਜਰਮਾਂ ਵਲੋਂ ਵਰਤੋਂ ਕੀਤੀ ਜਾ ਰਹੀ ਸੀ। ਹੋਰ ਤੋਂ ਅਜਿਹੀ ਸੰਭਾਵਨਾ ਨੂੰ ਰੋਕਣ ਲਈ ਜਦ ਤਕ ਜ਼ਰੂਰੀ ਹੋਈ ਪੁਲਸ ਦਰਬਾਰ ਸਾਹਿਬ ਵਿਚ ਰੁਕੇਗੀ ਤਾਂ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾ ਸਕੇ ਕਿ 'ਅਣਚਾਹੇ ਤੱਤ' ਅੰਦਰ ਨਾ ਆ ਸਕਣ।"

ਹੋਰ ਗੁਰਦੁਆਰੇ ਵੀ ਛੁਡਾਏ ਜਾਣਗੇ

ਇਕ ਪ੍ਰਸ਼ਨ ਦੇ ਉੱਤਰ ਵਿਚ ਸ੍ਰੀ ਰਿਬੈਰੋ ਨੇ ਕਿਹਾ ਕਿ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਵਾਲਿਆਂ ਨੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਅਤੇ ਹੋਰ ਜ਼ਿਲਿਆਂ ਵਿਚ ਜਿਨ੍ਹਾਂ ਗੁਰਦੁਆਰਿਆਂ ਤੇ ਜਬਰੀ ਕਬਜ਼ਾ ਕੀਤਾ ਹੋਇਆ ਹੈ, ਉਹ ਵੀ ਮੁਕਤ ਕਰਾ ਕੇ ਸੰਬੰਧਤ ਕਮੇਟੀਆਂ ਦੇ ਹਵਾਲੇ ਕੀਤੇ ਜਾਣਗੇ।

200 ਸਟੱਨ-ਗ੍ਰੇਨੇਡ ਸੁੱਟੇ

ਉਹਨਾਂ ਕਿਹਾ ਕਿ ਕਮਾਂਡੋ ਦਸਤਿਆਂ ਵਲੋਂ ਅਸਲੀਆਂ ਗੋਲੀਆਂ ਨਹੀਂ ਚਲਾਈਆਂ ਗਈਆਂ ਪਰ ਉਸ ਵਲੋਂ 200 ਸਟੱਨ-ਗ੍ਰੇਨੇਡ ਸੁੱਟੇ ਗਏ ਜਿਨ੍ਹਾਂ ਨਾਲ ਪਰਿਕਰਮਾ ਵਿਚ ਦੋ ਥਾਵਾਂ ਤੇ ਨੁਕਸਾਨ ਹੋਇਆ। ਇਨ੍ਹਾਂ ਨਾਲ ਇਕ ਸਟੋਰ ਅਤੇ ਦਵਾਈਆਂ ਦੀ ਇਕ ਦੁਕਾਨ ਸੜ ਗਈ।

ਨੰਗੇ ਪੈਰ-ਢਕੇ ਸਿਰ

ਸ੍ਰੀ ਰਿਬੈਰੋ ਨੇ ਕਿਹਾ ਕਿ ਕੋਈ ਫੌਜ ਦਰਬਾਰ ਸਾਹਿਬ ਦੇ ਅੰਦਰ ਨਹੀਂ ਗਈ। ਸਾਰੇ ਜਵਾਨਾਂ ਦੇ ਪੈਰ ਜੁੱਤੀਆਂ ਤੋਂ ਬਿਨਾ ਸਨ ਅਤੇ ਦਰਬਾਰ ਸਾਹਿਬ ਦੀ ਪਵਿੱਤਰਤਾ ਕਾਇਮ ਰਖਣ ਲਈ ਉਨ੍ਹਾਂ ਆਪਣੇ ਸਿਰ ਢਕੇ ਹੋਏ ਸਨ। ਉਨ੍ਹਾਂ ਕਿਹਾ ਕਿ ਗੋਲੀਆਂ ਦਾ ਵਟਾਂਦਰਾ ਨਹੀਂ ਹੋਇਆ ਪਰ ਜਦ ਜਥੇਦਾਰ ਗੁਰਦੇਵ ਸਿੰਘ 100 ਬੰਦਿਆਂ ਸਮੇਤ ਹਰਿਮੰਦਰ ਸਾਹਿਬ ਅੰਦਰ ਗਏ ਤਾਂ ਕੁਝ ਵਿਰੋਧ ਹੋਇਆ। ਉਹ ਅੱਜ ਸਵੇਰੇ 6 ਵਜੇ ਉਥੋਂ ਬਾਹਰ ਆਏ।

ਸ੍ਰੀ ਰਿਬੈਰੋ ਨੇ ਦਸਿਆ ਕਿ ਇਹ ਇਕ ਵਡੀ ਕਾਰਵਾਈ ਸੀ ਅਤੇ ਅਜਿਹੇ ਮੌਕੇ ਤੇ ਇਕ ਅਧ ਬੰਦੇ ਦਾ ਮਰਨਾ ਜਾਂ ਫੱਟੜ ਹੋਣਾ ਅਣਹੋਣੀ ਗਲ ਨਹੀਂ। ਇਕ ਪ੍ਰਸ਼ਨ ਦੇ ਉੱਤਰ ਵਿਚ ਉਹਨਾਂ ਕਿਹਾ ਕਿ ਫ਼ੌਜ ਨੂੰ ਤਿਆਰ ਰਹਿਣ ਲਈ ਕਿਹਾ ਗਿਆ ਸੀ ਪਰ ਉਸ ਨੂੰ ਸੱਦੇ ਜਾਣ ਦਾ ਕੋਈ ਇਰਾਦਾ ਨਹੀਂ ਬਣਿਆ।

ਅੱਤਵਾਦੀ ਫੜੇ ਕਿਉਂ ਨਹੀਂ

ਇਕ ਪ੍ਰਸ਼ਨ ਦੇ ਉੱਤਰ 'ਚ ਉਹਨਾਂ ਕਿਹਾ ਕਿ ਅੱਤਵਾਦੀ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਅਤੇ ਬਾਹਿਰ ਦੇ ਰਾਹਨਾ ਰਹਿਣੇ ਪ੍ਰਮੁੱਖ ਆਮ ਫਿਰਦੇ ਰਹਿੰਦੇ ਸਨ। ਇਕ ਤਾਂ ਇਹ ਕਿ ਉਹਨਾਂ ਭੇਸ ਬਦਲਿਆ ਹੁੰਦਾ ਸੀ। ਦੂਜੇ ਉਹਨਾਂ ਦੀ ਦਰਬਾਰ ਸਾਹਿਬ ਦੇ ਆਸਪਾਸ ਤਾਇਨਾਤ ਫੋਰਸਾਂ ਨੂੰ ਪਛਾਣ ਨਹੀਂ ਸੀ।

25 ਬੰਗਲਾ ਦੇਸੀ ਫੜੇ

ਸ੍ਰੀ ਰਿਬੈਰੋ ਨੇ ਦਸਿਆ ਕਿ ਦਰਬਾਰ ਸਾਹਿਬ ਵਿਚ ਜੋ 300 ਬੰਦੇ ਫੜੇ ਗਏ ਹਨ, ਉਹਨਾਂ ਵਿਚ ਬੰਗਲਾ ਦੇਸ਼ ਦੇ 25 ਨਾਗਰਿਕ ਵੀ ਹਨ। ਉਨ੍ਹਾਂ ਦੇ ਅੱਤਵਾਦੀਆਂ ਨਾਲ ਸਬੰਧ ਹੋਣ ਦੀ ਸੰਭਾਵਨਾ ਨੂੰ ਰਦ ਨਹੀਂ ਕੀਤਾ ਜਾ ਸਕਦਾ। ਸੰਭਵ ਹੈ ਕਿ ਉਹਨਾਂ ਵਲੋਂ ਹਥਿਆਰ ਤੇ ਗੋਲੀ ਸਿੱਕਾ ਵੀ ਸਪਲਾਈ ਕੀਤਾ ਜਾਂਦਾ ਰਿਹਾ ਹੋਵੇ।

14 'ਖੂਨੀ ਦਸਤੇ'

ਸ੍ਰੀ ਰਿਬੈਰੋ ਨੇ ਦਸਿਆ ਕਿ ਪੰਜਾਬ ਵਿਚ ਘਟੋ ਘਟ 14 'ਖੂਨੀ ਦਸਤੇ' ਕਾਰਵਾਈਆਂ ਕਰਨ ਵਿਚ ਲਗੇ ਹੋਏ ਹਨ ਅਤੇ ਹਰ ਦਸਤੇ ਵਿਚ 5 ਤੋਂ 10 ਵਿਅਕਤੀ ਸ਼ਾਮਿਲ ਹਨ। ਇਕ ਪ੍ਰਸ਼ਨ ਦੇ ਉੱਤਰ ਵਿਚ ਉਨ੍ਹਾਂ ਕਿਹਾ ਕਿ ਅੱਤਵਾਦੀ ਕਾਰਵਾਈਆਂ ਦਮਦਮੀ ਟਕਸਾਲ ਤੇ ਫੈਡਰੇਸ਼ਨ ਵਲੋਂ ਮਿਲ ਕੇ ਕੀਤੀਆਂ ਜਾਂਦੀਆਂ ਸਨ। ਇਹ ਸਥਿਤੀ ਛੇਤੀ ਹੀ ਕਾਬੂ ਕਰ ਲਈ ਜਾਵੇਗੀ ਕਿਉਂਕਿ ਪੁਲਸ ਪਿਛਲੇ ਕੁਝ ਦਿਨਾਂ ਵਿਚ ਅੱਤਵਾਦੀਆਂ ਨੂੰ ਫੜਨ ਅਤੇ ਖ਼ਤਮ ਕਰਨ ਵਿਚ ਸਫਲ ਹੋਈ ਹੈ। ਪਿਛਲੇ 2 ਦਿਨਾਂ ਵਿਚ ਹੀ ਅਜਿਹੇ 20 ਵਿਅਕਤੀ ਫੜੇ ਗਏ ਹਨ। ਫਿਰੋਜ਼ਪੁਰ ਪੁਲਸ ਨੇ ਮੰਡ ਏਰੀਏ ਵਿਚੋਂ ਅੱਜ ਕਈ ਇਸ਼ਤਿਹਾਰੀ ਮੁਜਰਮ ਫੜੇ ਹਨ ਅਤੇ ਕਾਫ਼ੀ ਮਾਤਰਾ ਵਿਚ ਹਥਿਆਰ ਅਤੇ ਗੋਲੀ ਸਿੱਕਾ ਕਾਬੂ ਕੀਤਾ ਹੈ।

ਮੋਹਕਮ ਸਿੰਘ ਦੀ ਸੂਚਨਾ ਤੇ

ਪੁਲਸ ਮੁਖੀ ਨੇ ਕਿਹਾ ਕਿ ਪਿਛਲੇ ਕਿੰਨੇ ਦਿਨ ਏਥੇ ਫ਼ੈਡਰੇਸ਼ਨ ਦੌਰਾਨ ਉਨ੍ਹਾਂ ਨੇ ਸਰਹੱਦੀ ਖੇਤਰਾਂ ਦਾ ਵੀ ਦੌਰਾ ਕੀਤਾ ਹੈ ਅਤੇ ਅੱਤਵਾਦੀਆਂ ਤੇ ਸਮਗਲਰਾਂ ਦੀ ਘੁਸਪੈਠ ਰੋਕਣ ਲਈ ਜ਼ਰੂਰੀ ਕਦਮ ਚੁੱਕੇ ਗਏ ਹਨ। ਉਹਨਾਂ ਕਿਹਾ ਕਿ ਪੁਲਸ ਦਮਦਮੀ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਨੇ ਗ੍ਰਿਫ਼ਤਾਰ ਹਨ, ਵਲੋਂ ਦਿਤੀ ਗਈ ਸੂਚਨਾ ਦੇ ਅਧਾਰ ਤੇ ਕਾਰਵਾਈ ਕਰ ਰਹੀ ਹੈ। ਉਹਨਾਂ ਕਿਹਾ ਕਿ ਪਿਛਲੇ 3 ਮਹੀਨਿਆਂ ਤੋਂ ਬਹੁਤ ਸਾਰੇ ਅੱਤਵਾਦੀ ਦਰਬਾਰ ਸਾਹਿਬ ਵਿਚ ਰਹਿ ਰਹੇ ਸਨ ਜਿਸ ਕਾਰਨ ਸ਼ਰਧਾਲੂਆਂ ਦੀ ਗਿਣਤੀ ਬਹੁਤ ਹੀ ਘਟ ਗਈ ਸੀ। ਉਹਨਾਂ ਕਿਹਾ ਕਿ ਅੱਤਵਾਦੀਆਂ ਦੇ ਬਚ ਨਿਕਲ ਜਾਣ ਦੇ ਰਸਤਿਆਂ ਦਾ ਪਤਾ ਲਗਾਉਣ ਲਈ ਦਰਬਾਰ ਸਾਹਿਬ ਦੇ ਆਸਪਾਸ ਦੇ ਇਲਾਕਿਆਂ ਦੀ ਪੂਰੀ ਛਾਣਬੀਣ ਕੀਤੀ ਜਾ ਰਹੀ ਹੈ।

ਸ੍ਰੀ ਦਰਬਾਰ ਸਾਹਿਬ ਦਰਸ਼ਨਾ ਲਈ ਖੁਲ੍ਹਾ

ਅੰਮ੍ਰਿਤਸਰ, 1 ਮਈ-(ਯੂ ਐਨ ਆਈ) ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅੱਜ ਕਰਫ਼ਿਊ ਵਿਚ ਦਿਤੀ 2 ਘੰਟੇ ਦੀ ਢਿਲ ਦੌਰਾਨ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਖੋਲ੍ਹ ਦਿਤਾ ਗਿਆ। ਲਗਭਗ ਸੈਂਕੜੇ ਲੋਕ ਮੱਥਾ ਟੇਕਣ ਲਈ ਗਏ। ਬੀਤੇ ਦਿਨ ਦਰਬਾਰ ਸਾਹਿਬ ਦੇ ਆਲੇ ਦੁਆਲੇ 18 ਖੇਤਰਾਂ ਵਿਚ ਕਰਫ਼ਿਊ ਲਾਇਆ ਗਿਆ ਸੀ। ਕਲ੍ਹ ਤੋਂ ਸਵੇਰੇ 6 ਵਜੇ ਤੋਂ ਸ਼ਾਮ 8 ਵਜੇ ਤਕ ਕਰਫ਼ਿਊ ਖੁਲ੍ਹਾ ਰਹੇਗਾ।

ਆਦਿ ਦੀਆਂ ਕਹੀਆਂ। ਜ਼ਿਲਾ ਹੁਸ਼ਿਆਰਪੁਰ ਵਿਚ ਗ੍ਰਿਫ਼ਤਾਰੀਆਂ ਦੀ ਗਿਣਤੀ 52 ਹੋ ਗਈ ਹੈ।

ਪੁਲਸ ਐਕਸ਼ਨ 'ਚ 6 ਸਿੱਖ ਮਰੇ 25 ਫੱਟੜ ਹੋਏ-ਕਾਹਲੋਂ ਦਾ ਦੋਸ਼

ਅੰਮ੍ਰਿਤਸਰ, 1 ਮਈ-ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਕਾਹਲੋਂ) ਦੇ ਕਨਵੀਨਰ ਸ. ਹਰਿੰਦਰ ਸਿੰਘ ਕਾਹਲੋਂ ਨੇ ਦੋਸ਼ ਲਾਇਆ ਹੈ ਕਿ ਬੀਤੇ ਦਿਨ ਦਰਬਾਰ ਸਾਹਿਬ ਕੰਪਲੈਕਸ ਵਿਚ ਪੁਲਸ ਐਕਸ਼ਨ ਦੌਰਾਨ 6 ਸਿੱਖ ਮਾਰੇ ਗਏ ਅਤੇ ਹੋਰ ਲਗਭਗ 25 ਫੱਟੜ ਹੋਏ। ਸ. ਕਾਹਲੋਂ ਨੇ ਇਕ ਪ੍ਰੈਸ ਬਿਆਨ ਜਾਰੀ ਕੀਤੀ ਅਤੇ ਚਰੋਕੀ ਪੱਤਰਕਾਰਾਂ ਨੂੰ ਦਿਤਾ। ਸਰਕਾਰੀ ਸੂਤਰਾਂ ਨੇ ਸ. ਕਾਹਲੋਂ ਦੇ ਦਾਅਵੇ ਨੂੰ ਗੁਮਰਾਹਕੁੰਨ ਤੇ ਸ਼ਰਾਰਤ ਭਰਿਆ ਦਸਿਆ ਕਿਉਂਕਿ ਉਹ ਸਮੂਹ ਵਿਚ ਕਾਰਵਾਈ ਤੋਂ ਪਹਿਲਾਂ ਉਥੋਂ ਚਲੇ ਗਏ ਸਨ। ਸਰਕਾਰੀ ਸੂਤਰਾਂ ਅਨੁਸਾਰ ਇਕ ਵਿਅਕਤੀ ਹੀ ਮਰਿਆ ਹੈ। 5 ਮੈਂਬਰੀ ਪ੍ਰੈਜ਼ੀਡੀਅਮ ਨੇ ਵੀ ਕਾਰਵਾਈ ਦੀ ਆਲੋਚਨਾ ਕੀਤੀ ਹੈ।

ਦੋ ਹੋਰ ਗੁਰਦੁਆਰੇ ਮੁਕਤ

ਦੋਹਾਂ ਥਾਵਾਂ ਤੋਂ 16 ਵਿਅਕਤੀ ਗ੍ਰਿਫ਼ਤਾਰ

ਜਲੰਧਰ, 1 ਮਈ-(ਪੀ ਟੀ ਆਈ ਅਤੇ ਪੱਤਰ ਪ੍ਰੇਰਕਾਂ ਦੁਆਰਾ) ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਤੇ ਹੋਰਨਾਂ ਦੇ ਕਬਜ਼ੇ ਹੇਠੋਂ ਮੁਕਤ ਕਰਵਾਉਣ ਪਿਛੋਂ ਪੁਲਸ ਅਤੇ ਸੁਰੱਖਿਆ ਦਸਤਿਆਂ ਨੇ ਪੰਜਾਬ ਵਿਚ ਉਨ੍ਹਾਂ ਹੋਰ ਇਤਿਹਾਸਕ ਗੁਰਦੁਆਰਿਆਂ ਨੂੰ ਵੀ ਫੈਡਰੇਸ਼ਨ ਤੇ ਟਕਸਾਲ ਦੇ ਕਬਜ਼ੇ ਹੇਠੋਂ ਛੁਡਵਾਉਣ ਲਈ ਕਾਰਵਾਈ ਸ਼ੁਰੂ ਕਰ ਦਿਤੀ ਹੈ। ਇਥੇ ਪ੍ਰਾਪਤ ਰਿਪੋਰਟਾਂ ਅਨੁਸਾਰ ਅੰਮ੍ਰਿਤਸਰ ਜ਼ਿਲੇ ਦੇ ਕਸਬੇ ਰਮਦਾਸ ਦੇ ਇਤਿਹਾਸਕ ਗੁਰਦੁਆਰੇ, ਗੁਰਦੁਆਰਾ ਸਮਾਧੀਆਂ ਅਤੇ ਲੁਧਿਆਣਾ ਜ਼ਿਲੇ ਦੇ ਕਸਬੇ ਦੋਰਾਹਾ ਕੋਲ ਇਤਿਹਾਸਕ ਗੁਰਦੁਆਰਾ ਕਟਾਣਾ ਸਾਹਿਬ ਨੂੰ ਵੀ ਸੁਰੱਖਿਆ ਦਸਤਿਆਂ ਨੇ ਮੁਕਤ ਕਰਾ ਲਿਆ ਹੈ।

ਗੁਰਦੁਆਰਾ ਸਮਾਧੀਆਂ

ਪੁਲਸ ਅਤੇ ਸੁਰੱਖਿਆ ਦਸਤਿਆਂ ਨੇ ਅੱਜ ਸਵੇਰੇ ਅੰਮ੍ਰਿਤਸਰ ਤੋਂ 36 ਕਿਲੋਮੀਟਰ ਦੂਰ ਰਮਦਾਸ ਕਸਬੇ ਵਿਚੇ ਗੁਰਦੁਆਰਾ ਸਮਾਧੀਆਂ ਵਿਚ ਦਾਖ਼ਲ ਹੋ ਕੇ ਇਸ ਨੂੰ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਦੇ ਕਬਜ਼ੇ ਹੇਠੋਂ ਮੁਕਤ ਕਰਾ ਲਿਆ। ਫੈਡਰੇਸ਼ਨ ਤੇ ਟਕਸਾਲ ਨੇ ਕੁਝ ਦਿਨ ਪਹਿਲਾਂ ਇਸ ਗੁਰਦੁਆਰੇ ਤੇ ਜ਼ਬਰਦਸਤੀ ਕਬਜ਼ਾ ਕਰ ਲਿਆ ਸੀ। ਪੁਲਸ ਨੇ ਦਾਅਵਾ ਕੀਤਾ ਹੈ ਕਿ ਗੁਰਦੁਆਰਾ ਸਾਹਿਬ ਵਿਚੋਂ ਹਥਿਆਰ ਤੇ ਅਸਲ੍ਹਾ ਅਤੇ ਤਿੰਨ ਖ਼ਾਲਿਸਤਾਨੀ ਝੰਡੇ ਬਰਾਮਦ ਕੀਤੇ ਗਏ ਅਤੇ 8 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ

(ਬਾਕੀ ਸਫ਼ਾ 6 ਕਾਲਮ 5 ਤੇ)

ਗੁਰਦੁਆਰੇ ਮੁਕਤ

(ਸਫ਼ਾ 1 ਦੀ ਬਾਕੀ)

ਗਿਆ। ਹਥਿਆਰਾਂ ਤੇ ਅਸਲ੍ਹੇ ਵਿਚ ਐਚ ਈ 36 ਕਿਸਮ ਦੇ ਦੋ ਹੈਂਡ ਗਰਨੇਡ, ਪਿਸਤੌਲ, ਇਕ 12 ਬੋਰ ਦੀ ਬੰਦੂਕ, ਲਗਭਗ 10 ਕਾਰਤੂਸ ਅਤੇ ਤਿੰਨ ਤਲਵਾਰਾਂ ਸ਼ਾਮਲ ਹਨ। ਐਸ ਪੀ ਸਿਟੀ ਸ੍ਰੀ ਐਚ ਐਸ ਚਾਹਲ ਨੇ ਪੱਤਰਕਾਰਾਂ ਨੂੰ ਦਸਿਆ ਕਿ ਗੁਰਦੁਆਰੇ ਵਿਚੋਂ ਕੁਝ ਲੋਕਾਂ ਨੇ ਵਿਰੋਧ ਕੀਤਾ ਪਰ ਪਿਛੋਂ ਉਨ੍ਹਾਂ ਆਤਮ ਸਮਰਪਨ ਕਰ ਦਿਤਾ।

ਗੁਰਦੁਆਰਾ ਕਟਾਣਾ ਸਾਹਿਬ

ਲੁਧਿਆਣਾ ਤੋਂ ਪੱਤਰ ਪ੍ਰੇਰਕ ਅਨੁਸਾਰ ਥਾਣਾ ਪਾਇਲ ਵਿਚ ਪੈਂਦੇ ਗੁਰਦੁਆਰਾ ਕਟਾਣਾ ਸਾਹਿਬ (ਨੇੜੇ ਦੋਰਾਹਾ) ਨੂੰ ਵੀ ਪੁਲਸ ਤੇ ਸੁਰੱਖਿਆ ਦਸਤਿਆਂ ਨੇ ਫੈਡਰੇਸ਼ਨ ਤੇ ਟਕਸਾਲ ਦੇ ਕਬਜ਼ੇ ਹੇਠੋਂ ਛੁਡਾ ਲਿਆ। ਕੁਝ ਸਮਾਂ ਪਹਿਲਾਂ ਫੈਡਰੇਸ਼ਨ ਤੇ ਟਕਸਾਲ ਨੇ ਗੁਰਦੁਆਰੇ ਦੇ ਸੇਵਾਦਾਰਾਂ ਨੂੰ ਬਾਹਰ ਕਢ ਕੇ ਆਪ ਕਬਜ਼ਾ ਕਰ ਲਿਆ ਸੀ। ਪੁਲਸ ਨੇ ਅੱਜ 8 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਗੁਰਦੁਆਰਾ ਅਸਲੀ ਪ੍ਰਬੰਧਕਾਂ ਹਵਾਲੇ ਕਰ ਦਿਤਾ।

ਫਾਂਸੀ ਦਾ ਰੱਸਾ ਸਾਨੂੰ ਬਾਜਾਂਵਾਲੇ ਦੀ ਗਲਵਕੜੀ ਵਾਂਗ ਹੀ ਪਿਆਰਾ ਹੈ ਪਰ ਜੇ ਸਾਡੇ
ਉਤੇ "[illegible]" ਕੇਸ ਦਾ ਇਲਜ਼ਾਮ [illegible] ਤਾਂ ਅਸੀਂ [illegible] ਕਿ [illegible]
[illegible] ਸੱਚ ਨੂੰ ਲੋਕਾਂ ਦੇ [illegible] ਤਾਂ ਜੋ ਸਾਡੇ [illegible]
[illegible] ਖਾਲਿਸਤਾਨ ਦੀ [illegible] ਦੀ ਕੁਰਬਾਨੀ ਕਰੇ।

ਖਾਲਿਸਤਾਨ ਜ਼ਿੰਦਾਬਾਦ !!!

ਖਾਲਿਸਤਾਨ ਲਈ ਸ਼ਹਾਦਤ ਦਾ ਜਾਮ ਪੀਣ ਲਈ ਉਤਾਵਲੇ
ਅਸੀਂ ਹਾਂ

ਹਰਜਿੰਦਰ ਸਿੰਘ — ਹਰਜਿੰਦਰ ਸਿੰਘ 4-5-1990

ਸੁਖਦੇਵ ਸਿੰਘ

ਪੂਨਾ ਜੇਲ — ਸੁਖਦੇਵ ਸਿੰਘ 4-5-1990

ਸਕੂਟਰ ਟੱਕਰ ਵਿਚ 3 ਵਿਅ-ਕਤੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ । ਸਕੂਟਰ 'ਚ ਤਿੰਨੇ ਯੁਵਕ ਸਵਾਰ ਸਨ। ਫਟੜਾਂ ਵਿਚੋਂ ਸਨੀਲ ਅਗਵਾਲ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਢੱਟ ਦਾ 2 ਤਕ ਰਿਮਾਂਡ

ਹੁਸ਼ਿਆਰਪੁਰ, 30 ਜੁਲਾਈ— (ਪਤਰ ਪਰੇਰਕ) ਸਿਖ ਸਟੂਡੈਂਟਸ ਫੈਡ-ਰੇਸ਼ਨ ਦੇ ਜ਼ਿਲਾ ਪ੍ਰਧਾਨ ਸ: ਸੁਖਜੀਤ ਸਿੰਘ ਢੱਟ ਜਿਹਨਾਂ ਨੂੰ ਕਲ ਗ੍ਰਿਫਤਾਰ ਕੀਤਾ ਗਿਆ ਸੀ ਦਾ 2 ਅਗਸਤ ਤਕ ਸਰੀਰਕ ਰਿਮਾਂਡ ਦੇ ਦਿਤਾ ਗਿਆ ਹੈ। ਉਹਨਾਂ ਵਿਰੁਧ ਅਜ ਧਾਰਾ 427/3/4 ਐਕਸਪਲੋਜ਼ਿਵ ਐਕਟ ਅਧੀਨ ਚਲਾਣ ਪੇਸ਼ ਕੀਤਾ ਗਿਆ ਸੀ ਤੇ ਉਨ੍ਹਾਂ ਤੇ ਐਸ.ਡੀ.ਐਮ. ਅਤੇ ਤਸੀਲਦਾਰ ਦੀ ਕੋਠੀ ਤੇ ਬੰਬ ਸੁਟਣ ਦਾ ਦੋਸ਼ ਹੈ ।

...ਔਰਤ ਦੀ ਅੱਗ ਨਾਲ ਮੌਤ ...ਦਾ ਦੋਸ਼—ਤਫ਼ਤੀਸ਼ ਸ਼ੁਰੂ

...ਕਰ ਦਿਤੀ ਹੈ। ਇਹ ਖਬਰ ਭੇਜਣ ਤਕ ਲਾਸ਼ ਦਾ ਪੋਸਟ ਮਾਰਟਮ ਨਹੀਂ ਹੋਇਆ ਸੀ ।

ਸਮੁੰਦਰੀ ਤਟ ਤੇ ਗਸ਼ਤ ਦਾ ਕੰਮ ਹੋਰ ਤੇਜ਼ ਤੇ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਦੇਸ਼ ਦੇ ਵਿਸ਼ੇਸ਼ ਆਰਥਕ ਜ਼ੋਨ ਦੀ ਰਖਿਆ ਕੀਤੀ ਜਾ ਸਕੇ। ਜਦੋਂ ਤਕ ਅਜਿਹਾ ਨਹੀਂ ਹੁੰਦਾ, ਸਮੁੰਦਰੀ ਸਾਧਨਾਂ ਨੂੰ ਵਿਕਸਤ ਕਰਨਾ ਕਠਨ ਹੈ ।

...ਬਕਾਇਦਾ ਗ੍ਰਿਫਤਾਰ ਕਰ ਲਿਆ ਗਿਆ। ਇਸ ਸਮੇਂ ਉਹ ਹਸਪਤਾਲ ਵਿਚ ਪੁਲੀਸ ਦੇ ਸਖਤ ਪਹਿਰੇ ਹੇਠ ਹੈ ਤੇ ਉਸ ਨੂੰ ਕਿਸੇ ਨਾਲ ਗਲਬਾਤ ਕਰਨ ਨਹੀਂ ਦਿਤੀ ਜਾਂਦੀ ਪੁਲੀਸ ਵੀ ਇਸ ਸਬੰਧੀ ਕੁਝ ਨਹੀ ਦਸ ਰਹੀ ।

ਕੁਰਸੀਆਂ ਖਾਤਰ ਐਤਕਾਂ ਕੋਈ ਸੰਧੀ ਨਹੀਂ ਕਰਾਂਗੇ-ਸੰਤ ਭਿੰਡਰਾਂ

ਅੰਮ੍ਰਿਤਸਰ, 30 ਜੁਲਾਈ— (ਯੂ. ਐਨ. ਆਈ.) ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਅਕਾਲੀ ਦਲ ਦੀਆਂ ਮੰਗਾਂ ਦਾ ਹੋਰ ਸਪਸ਼ਟੀਕਰਨ ਕਰਨ ਦੀ ਸੰਭਾਵਨਾ ਨੂੰ ਰੱਦ ਕਰ ਦਿਤਾ ਕਿਉਂਕਿ ਸੀਨੀਅਰ ਅਕਾਲੀ ਆਗੂ ਕਈ ਵਾਰ ਪਹਿਲਾਂ ਇਹ ਸਪਸ਼ਟੀ-ਕਰਨ ਦੇ ਚੁਕੇ ਹਨ। ਅਜ ਮੰਜੀ ਸਾਹਿਬ ਵਿਖੇ ਸਜੇ ਦੀਵਾਨ ਨੂੰ ਸੰਬੋਧਨ ਕਰਦਿਆਂ ਸੰਤ ਭਿੰਡਰਾਂਵਾਲਿਆਂ ਨੇ ਇਹਦੀ ਥਾਂ ਸਰਕਾਰ ਨੂੰ ਇਹ ਸਪਸ਼ਟੀ-ਕਰਨ ਦੇਣ ਲਈ ਕਿਹਾ ਕਿ ਕੀ ਉਹ ਚਾਹੁੰਦੀ ਹੈ ਕਿ ਸਿਖ ਭਾਰਤ ਵਿਚ ਟਿਕੇ ਰਹਿਣ ? ਜੇਕਰ ਸਰਕਾਰ ਸਾਨੂੰ ਦੇਸ਼ ਚ ਰਖਣਾ ਚਾਹੁੰਦੀ ਹੈ ਤਾਂ ਅਸੀਂ ਬਰਾਬਰ ਦੇ ਅਧਿਕਾਰਾਂ, ਦਰਜੇ ਤੇ ਅਣਖ ਨਾਲ ਰਹਾਂਗੇ। ਸੰਤ ਭਿੰਡਰਾਂਵਾਲਿਆਂ ਨੇ ਹਾਲ ਦੀ ਘੜੀ ਸਰਕਾਰ ਨਾਲ ਕਿਸੇ ਸਮਝੌਤੇ ਦੀ ਸੰਭਾਵਨਾ ਨੂੰ ਵੀ ਰਦ ਕਰ ਦਿਤਾ। ਸੰਤ ਜੀ ਨੇ ਕਿਹਾ ਕਿ ਅਕਾਲੀ ਦਲ ਗਲਬਾਤ ਦੀ ਮੇਜ਼ ਤੇ ਆਪਣਾ ਸਟੈਂਡ ਨਹੀਂ ਬਦਲੇਗਾ । ਅਸੀਂ ਇਸ ਵਾਰ ਕੁਰਸੀਆਂ ਦੀ ਖਾਤਰ ਕੋਈ ਸੰਧੀ ਨਹੀਂ ਕਰਾਂਗੇ। ਇਸ ਵਿਚਾਲੇ ਸੰਤ ਜੀ ਵਲੋਂ ਪੰਜਾਬੀ ਵਿਚ ਇਕ ਪੈਂਫਲਿਟ ਛਪਿਆ ਗਿਆ ਤੇ ਇਹ ਅਜ ਰਲੀਜ਼ ਕੀਤਾ ਗਿਆ ! ਇਸ ਵਿਚ ਖਾਲਸੇ ਦਾ ਨਿਸ਼ਾਨਾ ਤੇ ਇਹਦੀਆਂ ਪ੍ਰਾਪ-ਤੀਆਂ ਦਾ ਵਰਨਣ ਹੈ। ਸੰਤ ਜੀ ਨੇ ਕਿਹਾ ਇਕ ਸਾਲ ਤੋਂ ਚਲਾਏ ਜਾ ਰਹੇ ਮੋਰਚੇ ਦਾ ਮੰਤਵ ਆਜ਼ਾਦੀ ਤੇ ਅੰਦੋਲਨ ਵਿਚ ਸਿਖਾਂ ਨਾਲ ਕੀਤੇ ਵਾਇਦੇ ਪੂਰੇ ਕਰਨਾ ਅਤੇ ਅਨੰਦਪੁਰ ਸਾਹਿਬ ਦਾ ਮਤਾ ਲਾਗੂ ਕਰਨਾ ਜਿਸ ਅਨੁਸਾਰ ਰਾਜਾਂ ਨੂੰ ਵਧੇਰੇ ਪ੍ਰਾਂਤੀ ਖੁਦ ਮੁਖਤਿਆਰੀ ਦੇਣਾ ਹੈ। ਸੰਤ ਜੀ ਨੇ ਸਿਖਾਂ ਨੂੰ ਅਪੀਲ ਕੀਤੀ ਕਿ ਉਹ ਇਕੱਠੇ ਹੋਕੇ ਉਨ੍ਹਾਂ ਵਿਰੁਧ ਅਪਣੇ ਆਪ ਨੂੰ ਹਥਿਆਰਬੰਦ ਕਰ ਲੈਣ ਜੋ ਕਿ ਉਨ੍ਹਾਂ ਵਿਰੁਧ 'ਸਾਜ਼ਸ਼ਾਂ' ਕਰ ਰਹੇ ਹਨ।

ਤਾਮਿਲਾਂ ਵਲੋਂ ਦਿੱਲੀ ਚ ਵਿਖਾਵਾ

ਨਵੀਂ ਦਿੱਲੀ, 30 ਜੁਲਾਈ— ਅਜ ਇਥੇ ਜਵਾਹਰ ਲਾਲ ਨਹਿਰੂ ਵਰ-ਸਟੀ ਦੇ ਲਗਪਗ 40 ਵਿਦਿਆਰਥੀਆਂ ਜਿਨ੍ਹਾਂ ਵਿਚ ਬਹੁਤੇ ਤਾਮਿਲ ਸਨ, ਨੇ ਸ੍ਰੀ ਲੰਕਾ ਦੇ ਹਾਈ ਕਮਿਸ਼ਨਰ ਦੇ ਦਫ-ਤਰ ਅਗੇ ਵਿਖਾਵਾ ਕੀਤਾ ਤੇ ਹਾਈ ਕਮਿਸ਼ਨ ਨੂੰ ਯਾਦ ਪਤਰ ਦਿਤਾ।

ਬਰਸਾਤੀ ਨਾਲੇ ਚ ਪਿਆ ਪਾੜ ਪੂਰੇ ਜਾਣ ਨਾਲ ਰਾਜਪੁਰੇ ਨੂੰ ਖਤਰਾ ਟਲਿਆ-ਜਾਨੀ ਹਾਨੀ ਨਹੀਂ

ਪਟਿਆਲਾ, 30 ਜੁਲਾਈ— ...ਰਸੋਂ ਰਾਜਪੁਰਾ ਦੇ ਨੇੜੇ ਨਸੂ ਨਾਮੀ ...ਰਸਾਤੀ ਨਾਲੇ ਵਿਚ ਪਾੜ ਪੈਣ ਨਾਲ ...ਾਲੇ ਦੁਆਲੇ ਦੇ ਪਿੰਡਾਂ ਵਿਚ ਜੋ ...ਸੀਬਤ ਨਾਜ਼ਲ ਹੋ ਗਈ ਸੀ ਤੇ ਪੁਰਾਣੇ ...ਜਪੁਰਾ ਵਿਚ ਪਾਣੀ ਆ ਵੜਨ ਨਾਲ ...ਟੀ. ਰੋਡ ਤੇ ਰੇਲਵੇ ਲਾਈਨ ਨੂੰ ਜੋ ...ਤਰਾ ਪੈਦਾ ਹੋ ਗਿਆ ਸੀ, ਉਹ ਹੁਣ ...ਲ ਗਿਆ ਹੈ ਕਿਉਂਕਿ ਸ੍ਰੀ ਐਸ. ਪੀ. ...ਗਲ ਡੀ. ਸੀ. ਪਟਿਆਲਾ ਅਤੇ ਸ: ...ੰਦਰ ਸਿੰਘ ਐਸ.ਡੀ.ਐਮ, ਰਾਜਪੁਰਾ ...ਨਿਗਰਾਨੀ ਹੇਠ ਅਮਲੇ ਨੇ ਜੋ ...ਰਗੀਆਂ ਨੂੰ ਖਤਰੇ ਵਿਚ ਪਾ ਕੇ ਕਲ ...ਹਿਰ ਤਕ ਪਾੜ ਨੂੰ ਪੂਰਨ ਲਈ ਜੋ ਕੰਮ ਕੀਤਾ। ਉਸ ਦਾ ਸਦਕਾ ਕਲ ਦੁਪਹਿਰ ਨੂੰ ਬੰਦ ਪੂਰ ਲਿਆ ਗਿਆ ਸੀ, ਤੇ ਬਾਰਸ਼ ਦੇ ਬੰਦ ਹੋਣ ਤੇ ਨਾਲੇ ਦੇ ਚਾਲੂ ਹੋ ਜਾਣ ਨਾਲ ਸ਼ਾਮ ਦੇ 7 ਵਜੇ ਤਕ ਪਾਣੀ ਦੀ ਸੱਤਾ ਖਤਰੇ ਤੋਂ ਕਾਫੀ ਹੇਠਾਂ ਚਲੀ ਗਈ ਸੀ। ਡੀ. ਸੀ. ਸਾਹਿਬ ਨੇ ਅੱਜ ਸਵੇਰੇ ਦਸਿਆ ਕਿ ਪਿੰਡਾਂ ਵਿਚ ਇਸ ਬਰਸਾਤੀ ਨਦੀ ਦੇ ਟੁਟਣ ਨਾਲ ਫਸਲਾਂ ਦਾ ਕਿੰਨਾ ਨੁਕਸਾਨ ਹੋਇਆ ਹੈ ਜਾਂ ਕਿੰਨੇ ਪਿੰਡ ਪ੍ਰਭਾਵਤ ਹੋਏ ਹਨ, ਜਾਂ ਮਕਾਨ ਡਿਗੇ ਹਨ, ਉਸ ਦਾ ਅਨੁਮਾਨ ਲਾ ਕੇ ਰਿਪੋਟ ਭੇਜਣ ਲਈ ਐਸ. ਡੀ. ਐਮ. ਰਾਜਪੁਰਾ ਨੂੰ ਅਦੇਸ਼ ਦੇ ਦਿਤੇ ਗਏ ਹਨ। ਆਪ ਨੇ ਦਸਿਆ ਕਿ ਪ੍ਰਮਾਤਮਾਂ ਦਾ ਸ਼ੁਕਰ ਹੈ ਕਿ ਇਸ ਅਚਾ-ਨਕ ਮੁਸੀਬਤ ਆ ਪੈਣ ਨਾਲ ਕੋਈ ਇਨਸਾਨੀ ਜਾਂ ਹੈਵਾਨੀ ਨੁਕਸਾਨ ਨਹੀਂ ਹੋਇਆ ਤੇ ਜਿਹੜੇ ਲੋਕ ਘੇਰੇ ਵਿਚ ਆ ਗਏ ਸੀ ਉਹਨਾਂ ਨੂੰ ਬੇੜੀਆਂ ਰਾਹੀਂ ਖਤਰੇ ਵਾਲੀਆਂ ਥਾਵਾਂ ਚੋਂ ਕਢ ਕੇ ਸੁਰਖਿਅਤ ਥਾਵਾਂ ਤੇ ਪੁਚਾ ਦਿਤਾ ਗਿਆ।

...ਪਸੀ ਹਿੱਤਾਂ ਦੇ ...-ਯਾਕੂਬ ਖਾਨ

...ਪੁਰ ਦੇ ਨਵਾਬ ਜੋ ਉਨ੍ਹਾਂ ਦੇ ਕਰੀਬੀ ...ਤੇਦਾਰ ਹਨ ਨੇ ਉਨ੍ਹਾਂ ਨੂੰ ਰਾਤ ਦੇ ... ਦੀ ਦਾਅਵਤ ਦਿਤੀ ਹੈ। ਇਸ ...ਹਿਲਾਂ ਲਾਹੌਰ ਵਿਚ ਉਹਨਾਂ ਆਸ ...

ਲੜਕਾ ਹੋਵੇਗਾ ਜਾਂ ਲੜਕੀ ?

ਗੰਘ ਅਤੇ ਕੁਮਾਰੀ ਸ਼ਿਆਮਾ ਕ-ਆਊਟ ਕਰ ਗਏ। ਕਾ ਤਹਿਸੀਲ ਹੈਡ- ਵਾਦੂ ਤੋਂ ਸਮਾਰੋਹ ਬੰਧੀ ਪਸ਼ ਕੀਤੇ ਧਿਆਨ ਤੇ ਤੇ ਮੁਖ ਮੰਤਰੀ ਸ੍ਰੀ ਵੀਰ ਦੇ ਬਿਆਨ ਤੋਂ ਸੈਕੂਲਰ । ਕੁਮਾਰੀ ਸ਼ਰਮਾ ਨੇ ਕਿਹਾ ਤਰੀ ਦਾ ਬਿਆਨ ਤਸੱਲੀ । ਮੁਖ ਮੰਤਰੀ ਨੇ ਕਿਹਾ ਸੀ ਨੇ ਲੋਕ ਹਿਤਾਂ ਨੂੰ ਧਿਆਨ ਫੈਸਲਾ ਕਰਨਾ ਹੁੰਦਾ ਹੈ। ਸਾਂਝੇ ਫਰੰਟ ਨੇ ਅਜ ਅਸੈਂਬਲੀ ਭਰ ਧਰਨਾ ਦਿਤਾ। ਫਰੰਟ ਡੈਮੋਕਰੇਟਿਕ ਸੋਸ਼ਲਿਸਟ ਜਨਤਾ ਪਾਰਟੀ, ਸੀ. ਪੀ. ਤੇ ਸੀ. ਪੀ. ਐਮ. ਸ਼ਾਮਲ ਕੀਮਤਾਂ ਵਿਚ ਵਾਧਾ ਰੋਕਣ, ਦਾ ਮਸਲਾ ਹਲ ਕਰਨ, ਦਾ ਉਚਿਤ ਮੁਲ ਦੇਣ ਮੰਗ ਕੀਤੀ ਜਾ ਰਹੀ ਸੀ।

ਪਹਾੜੀਆਂ ਤੇ ਫਬਾਰੀ ਹੋਈ

ਜੰਮੂ, 22 ਦਸੰਬਰ—ਜੰਮੂ ਰੀਆਂ ਪਹਾੜੀਆਂ ਤੇ ਅਜ ਪਹਿਲੀ ਬਰਫਬਾਰੀ ਹੋਈ, ਕਿਸ਼ਤਵਾੜ ਡੋਡਾ, ਦੀਆਂ ਪਹਾੜੀਆਂ ਬਰਫ ਲਿਆਂ ਗਈਆਂ ਹਨ। ਵਰਖਾ ਸਮਾਚਾਰ ਵੀ ਮਿਲੇ ਹਨ।

ਮੁਖ ਮੰਤਰੀ ਦੀ ਕਿਸਮਤ ਦਾ ਨਿਰਨਾ ਹੋਵੇਗਾ

ਪਟਨਾ, 22 ਦਸੰਬਰ—(ਯੂ. ਐਨ. ਆਈ.) ਕਲ੍ਹ ਹੋ ਰਹੀਆਂ ਉਪ ਚੋਣਾਂ ਵਿਚ ਤਕਰੀਬਨ 20 ਲਖ ਵੋਟਰ ਇਕ ਲੋਕ ਸਭਾ ਅਤੇ 2 ਅਸੈਂਬਲੀ ਮੈਂਬਰਾਂ ਦੀ ਚੋਣ ਕਰਨਗੇ। ਇਹਨਾਂ ਹਲਕਿਆਂ ਦੀਆਂ ਸਰਹੱਦਾਂ ਨੂੰ ਸੀਲ ਕਰ ਦਿਤਾ ਗਿਆ। ਪੋਲਿੰਗ ਬੂਥਾਂ ਤੇ ਕਬਜ਼ੇ ਰੋਕਣਲਈ ਸਖਤ ਸੁਰਖਿਆ ਪ੍ਰਬੰਧ ਕੀਤੇ ਗਏ ਹਨ ਅਤੇ ਸ਼ਰਾਰਤੀਆਂ ਨੂੰ ਦੇਖਦੇ ਮਾਰ ਗੋਲੀ ਮਾਰਨ ਦੇ ਆਦੇਸ਼ ਦਿਤੇ ਗਏ। ਕਲ ਦੀ ਉਪ ਚੋਣ ਨਾਲ ਮੁਖ ਮੰਤਰੀ ਸ੍ਰੀ ਚੰਦਰ ਸ਼ੇਖਰ ਸਿੰਘ ਅਤੇ ਬਿਹਾਰ ਲੋਕ ਦਲ ਦੇ ਪਰਧਾਨ ਫਜ਼ਲ ਰਹਿਮਾਨ ਦੀ ਕਿਸਮਤ ਦਾ ਨਿਰਨਾ ਹੋਏਗਾ। ਮੁਖ ਮੰਤਰੀ ਬਾਂਕਾ (ਅਸੰਬਲੀ) ਅਤੇ ਬੇਟੀਆਹ, (ਲੋਕ ਸਭਾ) ਹਲਕਿਆਂ ਤੇ ਖੜੇ ਹਨ।

ਬਬਰ ਖਾਲਸਾ ਦੇ ਵਿਰੁਧ ਕੇਸ

ਅੰਮ੍ਰਿਤਸਰ ਸਿਟੀ ਕੋਤਵਾਲੀ ਵਿਚ ਦਰਜ

ਅੰਮ੍ਰਿਤਸਰ, 22 ਦਸੰਬਰ—(ਪੀ.ਟੀ.ਆਈ.) ਪੁਲਸ ਨੇ ਬਬਰ ਖਾਲਸਾ ਵਲੋਂ 35 ਨਿਰੰਕਾਰੀਆ ਦੇ ਕਤਲ ਦੀ ਜ਼ਮੇਂਵਾਰੀ ਲੈਣ ਪਿਛੋਂ ਸਿਟੀ ਕੁਤਵਾਲੀ ਵਿਚ ਇਸ ਵਿਰੁਧ ਕੇਸ ਦਰਜ ਕਰ ਲਿਆ ਹੈ। ਕਿਹਾ ਜਾਂਦਾ ਹੈ ਕਿ ਭਾਰਤੀ ਦੰਡ ਵਿਧਾਨ ਦੀ ਧਾਰਾ 506 ਤੇ 13 (ਗੈਰ ਕਾਨੂੰਨੀ ਸਰਗਰਮੀਆਂ) ਅਧੀਨ ਇਹ ਕੇਸ ਕੇਂਦਰ ਸਰਕਾਰ ਦੀ ਹਦੈਤ ਤੇ ਦਰਜ ਕੀਤਾ ਗਿਆ ਹੈ। ਪੁਲਿਸ ਸੂਤਰਾਂ ਅਨੁਸਾਰ ਇਸ ਸੰਸਥਾ ਨੇ ਬੀਤੇ ਅਗਸਤ ਵਿਚ ਦਰਬਾਰ ਸਾਹਿਬ ਕੰਪਲੈਕਸ ਦੀਆਂ ਕੰਧਾਂ ਤੇ ਵਡੇ ਵਡੇ ਪੋਸਟਰ ਲਾਏ ਸਨ ਜਿਸ ਵਿਚ ਸੰਸਥਾ ਦੀਆਂ ਸਰਗਰਮੀਆਂ ਦਾ ਉਲੇਖ ਦਿਤਾ ਗਿਆ ਸੀ ਤੇ ਇਸ ਵਿਚ ਸੰਸਥਾ ਦੇ ਮੁਖੀ ਨੇ ਕਤਲਾਂ ਦੀ ਜੁਮੇਵਾਰੀ ਲਈ ਸੀ, ਉਸ ਨੇ ਕਿਹਾ ਸੀ ਕਿ ਸਿਖਾਂ ਨੂੰ ਨਿਰੰਕਾਰੀਆਂ ਦੇ ਹਮਲੇ ਤੋਂ ਮੁਕਤ ਕਰਾਉਣ ਲਈ ਕਤਲ ਜਾਰੀ ਰਹਿਣਗੇ। ਇਹ ਸੰਸਥਾ ਮੁਖ ਤੌਰ ਤੇ ਦਰਬਾਰ ਸਾਹਿਬ ਕੰਪਲੈਕਸ ਵਿਚ ਹੀ ਆਪਣਾ ਕੰਮ ਕਾਜ ਕਰ ਰਹੀ ਹੈ ਤੇ ਇਸ ਦਾ ਦਾਅਵਾ ਹੈ ਕਿ ਰਾਜ ਵਿਚ ਇਸ ਦੇ ਮੈਂਬਰ ਫੈਲੇ ਹੋਏ ਹਨ ਪਰ ਇਸ ਨੇ 'ਨਿਰਦੋਸ਼' ਵਿਅਕਤੀਆਂ ਦੇ ਕਤਲਾਂ ਵਿਚ ਹਥ ਹੋਣ ਦਾ ਖੰਡਨ ਕੀਤਾ ਹੈ। 15 ਦਸੰਬਰ ਨੂੰ ਗੁਰੂ ਨਾਨਕ ਨਿਵਾਸ ਦੇ 2 ਕਮਰਿਆਂ ਤੇ ਕਥਿਤ ਜਬਰੀ ਕਬਜ਼ਾ ਕਰ ਲੈਣ ਫਿਖੋਂ ਇਹ ਉਭਰ ਕੇ ਸਾਹਮਣੇ ਆਈ ਜਿਸ ਦੇ ਪਿਛੋਂ ਵਜੋਂ ਸਿਖ ਧਾਰਮਿਕ ਨੇਤਾ ਸੰਤ ਜਰਨੈਲ ਸਿੰਘ ਨੇ 'ਨਿਵਾਸ' ਛਡ ਦਿਤਾ ਸੀ।

(ਬਾਕੀ ਸਫਾ 6 ਕਾਲਮ 9 ਤੇ)

ਮਹਿਤਾ 'ਚ ਇਸਤ੍ਰੀਆਂ ਵਲੋਂ ਭਾਰੀ ਵਖਾਵਾ

ਘੰਟੇ ਤਕ ਟਰੈਫਿਕ ਜਾਮ ਰਖਿਆ ਗਿਆ

ਅੰਮ੍ਰਿਤਸਰ, 22 ਦਸੰਬਰ— ਆਈ.) ਅਜ ਇਥੋਂ 40 ਟਰ ਦੂਰ ਚੌਕ ਮਹਿਤਾ ਦੇ ਬਸ ਤੇ ਆਲ ਇੰਡੀਆ ਸਿਖ ਸਟੂ- ਫੈਡਰੇਸ਼ਨ ਦੀਆਂ ਇਸਤਰੀ ਨੇ ਜ਼ੋਰਦਾਰ ਵਿਖਾਵਾ ਕੀਤਾ। ਫੈਡ- ਹੈਡਕਵਾਟਰਵਲੋਂ ਦਾਅਵਾ ਕੀਤਾ ਕਿ ਇਹ ਲੜਕੀਆਂ ਜਿਹਨਾਂ ਦੀ ਗਿ 250 ਦੇ ਲਗਪਗ ਸੀ, ਗੁਰ- ਤਾ ਗੁਰਦਰਸ਼ਨ ਪ੍ਰਕਾਸ਼ ਵਿਖੇ ਵਿਚ ਸ਼ਾਮਲ ਹੋਣ ਪਿਛੋਂ ਸੜਕ ਤੇ ਆ ਗਈਆਂ ਤੇ ਲਗਪਗ ਇਕ ਘੰਟਾ ਤਕ ਟਰੈਫਿਕ ਜਾਮ ਰਖਿਆ। ਫੈਡਰੇਸ਼ਨ ਦੇ ਹੈਡਕਵਾਟਰ ਤੋਂ ਪੰਜਾਬ, ਦਿਲੀ, ਜੰਮੂ ਤੇ ਕਸ਼ਮੀਰ, ਹਰਿਆਣਾ ਤੇ ਰਾਜਸਥਾਨ ਵਿਚ ਆਪਣੇ ਯੂਨਿਟਾਂ ਨੂੰ ਪਤਰ ਭੇਜ ਕੇ ਕਿਹਾ ਗਿਆ ਕਿ ਉਹ 26 ਦਸੰਬਰ ਤੋਂ ਅੰਮ੍ਰਿਤਸਰ 'ਚ ਸ਼ੁਰੂ ਹੋ ਰਹੇ ਕੈਂਪ ਵਿਚ ਆਪਣੇ ਨਾਲ ਰਵਾਇਤੀ ਹਥਿਆਰ ਲੈ ਕੇ ਆਉਣ। ਇਸ ਕੈਂਪ ਦਾ ਉਦਘਾਟਨ ਦਰਬਾਰ ਸਾਹਿਬ ਦੇ ਹੈਡ ਗਰੰਥੀ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਕਰਨਗੇ ਤੇ ਕੈਂਪ ਦੀ ਸਮਾਪਤੀ ਤੇ ਸੰਤ ਜਰਨੈਲ ਸਿੰਘ ਭਿੰਡਰਾਂ ਇਨਾਮ ਵੰਡਣਗੇ। ਇਸ ਕੈਂਪ ਨੂੰ ਉਘੇ ਪ੍ਰੋਫੈਸਰ ਤੇ ਇਤਹਾਸਕਾਰ ਸੰਬੋਧਨ ਕਰਨਗੇ।

ਵਿਦਿਆਰਥੀਆਂ ਵਲੋਂ ਸਮੂਹਕ ਵਰਤ

ਹਿਸਾਰ, 22 ਦਸੰਬਰ—ਜ਼ਰਾਇਤੀ ਯੂਨੀਵਰਸਿਟੀ ਨਾਲ ਸਬੰਧਤ ਸਾਇੰਸ ਕਾਲਜ ਦੇ 400 ਵਿਦਿਆਰਥੀਆਂ ਨੇ ਅਜ ਇਕ ਦਿਨ ਦੀ ਸਮੂਹਕ ਭੁਖ ਹੜਤਾਲ ਕੀਤੀ। ਇਹ ਕਦਮ ਮਗਾਂ ਨਾ ਮੰਨੇ ਜਾਣ ਵਿਰੁਧ ਚੁਕਿਆ ਗਿਆ। ਵਿਦਿਆਰਥੀਆਂ ਦੀ ਹੜਤਾਲੀ ਦਾ ਅਜ 10ਵਾਂ ਦਿਨ ਹੈ।

ਗਿਆਨੀ ਜੀ ਵਾਪਿਸ

●●ਨਵੀਂ ਦਿੱਲੀ, 22 ਦਸੰਬਰ— ਦਿਨਾਂ ਦੀ ਆਪਣੀ ਪਹਿਲੀ ਵਿਦੇਸ਼ ਯਾਤਰਾ ਮਗਰੋਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਜ ਰਾਤ ਦਿੱਲੀ ਪਰਤ ਆਏ। ਹਵਾਈ ਅਡੇ ਤੇ ਉਪ

ਗਿ: ਜ਼ੈਲ ਸਿੰਘ ਦੇ ਵਿਦੇਸ਼ ਦੌਰੇ ਦੌਰਾਨ ਭਾਰਤ

ਮ ਪ੍ਰਚਾਰ
ਚਾਰ ਕਮੇਟੀ ਦਾ ਬਜਟ
ਜ਼ਾਰ ਰੁਪੈ ਦਾ ਹੈ।
ਸ਼ਨ 85 ਦੇ ਗੁਰ-
4 ਲਖ, ਸੈਕਸ਼ਨ 87
ਤੋਂ 14 ਲਖ, ਸੂਦ
ਨਾਂ ਦੇ ਕਿਰਾਏ ਤੋਂ

ਵਡੇ ਦੀਵਾਨ ਹਾਲ, ਕਲਗੀਧਰ ਸਰੋਵਰ, ਸ੍ਰੀ ਅਕਾਲ ਤਖਤ ਸ਼ਾਹਿਬ ਦੇ ਨਾਲ ਲਗਦੀ ਦਰਸ਼ਨੀ ਡਿਉਢੀ, ਬਾਬਾ ਦੀਪ ਸਿੰਘ ਸ਼ਹੀਦ ਦੀ ਇਮਾਰਤ ਦੀ ਸੇਵਾ ਜਾਰੀ ਹੈ। ਗੁਰੂ ਰਾਮਦਾਸ ਹਸਪਤਾਲ ਤੇ ਮੈਡੀਕਲ ਇੰਸਟੀਚਿਊਟ ਦਾ ਕਾਫੀ ਕੰਮ ਮੁਕੰਮਲ ਹੋ ਚੁਕਾ ਹੈ। ਸ੍ਰੀ ਦਰਬਾਰ ਸਾਹਿਬ ਮੁਕਤਸਰ ਦੀ ਨਵੀਂ ਇਮਾਰਤ ਅਤੇ ਸਰੋਵਰ ਦੀ ਕਾਰ ਸੇਵਾ ਲਈ ਬਾਬਾ ਹਰਬੰਸ ਸਿੰਘ ਜੀ ਨੂੰ ਬੇਨਤੀ ਕੀਤੀ ਗਈ ਹੈ।

ਨੇ ਕਿਹਾ ਕਿ ਮੁਢਲਾ ਢਗ ਨੇਪਰੇ ਚਾੜ੍ਹਨ ਅਤੇ ਸਬੰਧਤ ਰਾਜਾਂ ਤੇ ਕੇਂਦਰ ਨੂੰ 'ਪ੍ਰਸ਼ਨਾਵਲੀ' ਜਾਰੀ ਕਰਨ ਲਈ

ਪ੍ਰਿੰਟ ਆਰਡਰ

ਰੋਜ਼ਾਨਾ 'ਅਜੀਤ' ਜਲੰਧਰ ਦੇ ਇਸ਼ੂ ਮਿਤੀ 30-3-83 ਦਾ ਪ੍ਰਿੰਟ ਆਰਡਰ :—

75640

ਨੇ ਮੁਢਲੇ ਤੌਰ ਤੇ ਇਕ ... ਅਤੇ ਇਕ ਪ੍ਰਸ਼ਾਸਕੀ ਮਾਹ... ਕਤੀ ਕਰਨ ਲਈ ਕਿਹਾ ਕਮਿਸ਼ਨ ਆਪਣੇ ਕੰਮ ਦੀ... ਸਕੇ। ਇਹ ਪੁਛੇ ਜਾਣ ... ਕਮਿਸ਼ਨ ਚ ਹੋਰ ਮੈਂਬਰ ... ਤਾਂ ਉਨ੍ਹਾਂ ਕਿਹਾ ਕਿ ਇਹ...

...ਇਆ ਜਾਏ

... ਬਾਰੇ ਝੜਪਾਂ
...ਵਿਤ ਮੰਤਰੀ

...ਹਨ। ਉਲੇਖ 'ਚ ... ਗਿਆ ਸੀ ਕਿ ...ਮੁਖ ਮੰਤਰੀਆਂ ਦੇ ...ਜਾਣ। ਕਾਂਗਰਸ ...ਪਾਰਟੀ ਦੇ ਲੀਡਰ ...ਰਾਜਾ ਸ਼ਰੀਫ ਅਤੇ ...ਰਥਾਨ ਨੇ ਉਲੇਖ ... ਕਿਹਾ ਕਿ ਸੁਕਾ- ...ਕਤ ਹੋਣ ਪਿਛੋਂ ... ਨਹੀਂ। ਮਤਾ ...ਾਂ ਹਾਊਸ ਵਿਚ ... ਤੇ ਇੱਕਾ ਅਤੇ ... ਕਾਂਗਰਸ ਆਈ ...ਝੜਪਾਂ ਹੋਈਆਂ। ...ਪਾਰਟੀ ਅਲਗ- ...ਐਮ.ਕੇ. ਲੀਡਰ ...ਪਾਂ ਖਤਮ ਕਰਨ

...ਨ ਵਿਚ ਪ੍ਰਮਾਣੂ ... ਜਾਰੀ।

ਭਿੰਡਰਾਂ ਨੂੰ ਅਕਾਲ ਤਖਤ ਦਾ ਜਥੇਦਾਰ ਬਨਾਉਣ ਦੀ ਮੰਗ
ਸ਼੍ਰੋਮਣੀ ਕਮੇਟੀ ਮੀਟਿੰਗ 'ਚ ਗਰਮਾ ਗਰਮੀ
ਜ: ਹਰਚਰਨ ਸਿੰਘ ਤੇ ਮੈਂਬਰਾਂ ਦੀ ਟਿਪਣੀ

● ਅੰਮ੍ਰਿਤਸਰ, 30 ਮਾਰਚ—(ਯੂ. ਐਨ.ਆਈ.) ਅਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਸਮਾਗਮ ਵਿਚ ਉਸ ਸਮੇਂ ਗਰਮਾ ਗਰਮੀ ਹੋ ਗਈ ਜਦ ਦਿਲੀ ਅਕਾਲੀ ਦਲ ਦੇ ਪ੍ਰਧਾਨ ਜ: ਹਰਚਰਨ ਸਿੰਘ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਅਕਾਲ ਤਖਤ ਸਾਹਿਬ ਦਾ ਜਥੇਦਾਰ ਮੁਕਰਰ ਕਰ ਦਿਤਾ ਜਾਏ। ਮੀਟਿੰਗ ਵਿਚ 125 ਦੇ ਲਗਪਗ ਮੈਂਬਰ ਹਾਜ਼ਰ ਸਨ। ਬਹੁਤਿਆਂ ਨੇ ਜ: ਹਰਚਰਨ ਸਿੰਘ ਨੂੰ ਬਿਠਾ ਦਿਤਾ। ਦੂਜੀ ਵਾਰ ਉਸ ਸਮੇਂ ਗਰਮਾ ਗਰਮੀ ਹੋਈ ਜਦ ਜ: ਹਰਚਰਨ ਸਿੰਘ ਨੇ ਕਿਹਾ ਕਿ ਸ: ਟੌਹੜਾ ਨੂੰ ਅਜ ਦੀ ਮੀਟਿਗ ਦੀ ਪ੍ਰਧਾਨਗੀ ਨਹੀਂ ਕਰਨੀ ਚਾਹੀਦੀ ਕਿਉਂਕਿ ਉਹ ਐਗਜ਼ੈਕਟਿਵ ਸਮੇਤ ਅਸਤੀਫਾ ਦੇ ਚੁਕੇ ਹਨ। ਇਸ ਤੇ ਕੁਝ ਮੈਂਬਰਾਂ ਨੇ ਜ: ਹਰਚਰਨ ਸਿੰਘ ਤੇ ਸਖਤ ਟਿਪਣੀ ਕੀਤੀ ਤੇ ਕਿਹਾ ਕਿ ਜ: ਹਰਚਰਨ ਸਿੰਘ ਦੁਸ਼ਮਣ ਦੀ ਜ਼ਬਾਨ ਵਰਤ ਰਹੇ ਹਨ। ਉਹਨਾਂ ਤੇ ਟਿਪਣੀ ਕਰਨ ਵਾਲਿਆਂ ਵਿਚ ਜ: ਸੁਚਾ ਸਿੰਘ ਛੋਟੇਪੁਰ, ਜ: ਕੁਲਦੀਪ ਸਿੰਘ ਵਡਾਲਾ ਤੇ ਪ੍ਰਿੰਸੀਪਲ ਸਤਿਬੀਰ ਸਿੰਘਵੀ ਸਨ। ਸ: ਟੌਹੜਾ ਨੇ ਵੀ ਵਾਰਨਿੰਗ ਦਿਤੀ ਕਿ ਜੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਅਸਤੀਫੇ ਦਿਤੇ ਤਾਂ ਸ਼੍ਰੋਮਣੀ ਕਮੇਟੀ ਸਰਕਾਰ ਦੇ ਹਥਾਂ ਵਿਚ ਜਾ ਪਏਗੀ। ਸ: ਟੌਹੜਾ ਨੇ ਕਿਹਾ ਕਿ ਸੰਤ ਜੀ ਜਦੋਂ ਕਹਿਣਗੇ, ਉਹ ਅਸਤੀਫਾ ਦੇ ਦੇਣਗੇ। ਸ: ਟੌਹੜਾ ਤੇ ਸੰਤ ਲੌਂਗੋਵਾਲ ਤੋਂ ਛੁਟ ਮੀਟਿੰਗ ਵਿਚ ਜ: ਤਲਵੰਡੀ, ਜ: ਜੀਵਨ ਸਿੰਘ ਉਮਰ ਨੰਗਲ, ਸ: ਪ੍ਰੇਮ ਸਿੰਘ ਲਾਲਪੁਰਾ ਤੇ ਸ: ਆਤਮਾ ਸਿੰਘ ਵੀ ਹਾਜ਼ਰ ਸਨ। ਪੀ.ਟੀ.ਆਈ. ਦੀ ਸੂਚਨਾ ਹੈ ਕਿ ਜ: ਹਰਚਰਨ ਸਿੰਘ ਨੇ ਇਹ ਸ਼ਿਕਾਇਤ ਵੀ ਕੀਤੀ ਕਿ ਅਕਾਲੀ ਮੋਰਚੇ ਵਿਚ ਜਿਹਨਾਂ ਨੇ ਜਾਨਾਂ ਦਿਤੀਆਂ ਉਨ੍ਹਾਂ

(ਬਾਕੀ ਸਫਾ 5 ਤੇ)

● ਕਾਨਪੁਰ ਵਿਚ ਕਲ ਇਕ ਟੈਂਕਰ ਹੇਠ ਆ ਕੇ 5 ਵਿਅਕਤੀ ਮਾਰੇ ਗਏ ਅਤੇ 4 ਹੋਰ ਫਟੜ ਹੋਏ।

ਮੇਘਾਲਿਅ...
ਇਕ ਪਾਰਟੀ ...

ਸ਼ਿਲਾਂਗ, 30 ... ਮੇਘਾਲਿਆ ਵਿਚ ਕੁਲ... ਅਸੰਬਲੀ ਵਿਚ ਘਟ... ਰਹਿ ਗਈ ਹੈ ਜਦੋਂ... ਵਜ਼ਾਰਤ ਵਿਰੁਧ ਇੱਕ... ਬੇਪ੍ਰਤੀਤੀ ਮਤੇ ਤੇ... ਕੀਤੀ ਜਾਣੀ ਹੈ। ਆਲ... ਲੀਡਰਜ਼ ਕਾਨਫਰੰਸ ... ਸੰਗਮਾ ਨੇ ਵਜ਼ਾਰਤ ... ਵਾਪਸ ਲੇ ਲਿਆ ਹੈ

ਸ: ਬਲਵੰਤ...
ਦੇ ਪਿਤਾ ਦਾ ...

ਚੰਡੀਗੜ੍ਹ, 30 ਮ... ਪੰਜਾਬ ਦੇ ਸਾਬਕ ਵਿਤ... ਸ: ਬਲਵੰਤ ਸਿੰਘ ਦੇ ਪਿ... ਸੁੰਦਰ ਸਿੰਘ ਦਾ ਅਜ ... ਦਿਹਾਂਤ ਹੋ ਗਿਆ। ਉਹ... ਅੰਤਮ ਸੰਸਕਾਰ ਕਲ ... ਅਤੇ ਅਰਥੀ ਸਵੇਰੇ ਸਾਢੇ... ਵਜੇ ਸੈਕਟਰ 27-ਏ ਕੋਠੀ 1015 ਤੋਂ ਉਠਾਈ ਜਾਏ... ਮੌਤ ਦਿਲ ਦੇ ਦੌਰੇ ਕਾਰਨ ... ਵਜੇ ਬਾਅਦ ਦੁਪਹਿਰ ਹੋ... ਉਹਨਾਂ ਦੀ ਉਮਰ 85 ... ਦੀ ਸੀ ਤੇ ਉਹ ਘਰ ਹੀ ...

...ਕਰਨ ਲਈ ਕੌਮੀ ਨੇਤਾ
...ਤੇ ਵੀ ਅਸਰ ਸੰਭਵ
...ਤੰਬਰ ਚ ਸਦਾਂਗਾ-ਫਾਰੂਕ ਅਬਦੁਲਾ

... ਦੇ ਮੁਖ ... ਮੀਟਿੰਗ ... ਕਿਹਾ

ਵਾਨ ਹਨ। ਜ: ਜ਼ਿਆ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਭਾਰਤ ਪਾਕਿਸਤਾਨ ਅਧੀਨ ਕਸ਼ਮੀਰੀ ਇਲਾਕੇ ਤੇ ਦਾਅਵਾ ਨਹੀਂ ਕਰ ਸਕਦਾ। ਇਸ ਬਿਆਨ ਤੇ ਟਿਪਣੀ ਕਰਦਿਆਂ ਮੁਖ

ਪਾਕ ਵਲੋਂ ਦਰਿਆ ਰਾਵੀ ਦਾ ਰੁਖ ਬਦਲਣ ...
ਪ੍ਰਭਾਵਿਤ ਭਾਰਤੀ ਪਿੰਡਾਂ ਦਾ ਮੰਤ੍ਰੀ ਵਲੋਂ ...

ਅੰਮ੍ਰਿਤਸਰ, 30 ਮਾਰਚ— ਪਾਕਿਸਤਾਨੀ ਅਧਿਕਾਰੀਆਂ ਵਲੋਂ ਰਾਵੀ ਤੇ ਕਚਾ ਬੰਨ੍ਹ ਬਨਾਉਣ ਦੇ ਸਿਟੇ ਵਜੋਂ

ਗੜ੍ਹਿਆਂ ਦੀ ਮਾਰ ਹੇਠ ਆਈ ... ਦਾ ਵੀ ਜਾਇਜ਼ਾ ਲਿਆ ਗਿ... ਮੰਤਰੀ ਨੇ ਡਿਪਟੀ ਕਮਿਸ਼ਨਰ, ...

ਜਲੰਧਰ, 15 ਸਤੰਬਰ (ਯੂ. ...ਆਈ.)—ਹਿਮਾਚਲ ਪ੍ਰਦੇਸ਼ ਦੇ ...ਮੁਖ ਮੰਤਰੀ ਸ੍ਰੀ ਸ਼ਾਂਤਾ ਕੁਮਾਰ ...ਬ ਦੀ ਅਸਾਧਾਰਨ ਸਥਿਤੀ ...ਾਨ ਮੰਤਰੀ ਸ੍ਰੀਮਤੀ ਇੰਦਰਾ ...ਜ਼ੁੰਮੇਵਾਰ ਠਹਿਰਾਇਆ ਹੈ। ...ੇ ਇਕ ਪਤਰਕਾਰ ਸੰਮੇਲਨ ...ਾਬ ਦੀ ਸਥਿਤੀ ਤੇ ਚਿੰਤਾ ...ਰਦਿਆਂ ਉਹਨਾਂ ਕਿਹਾ ਕਿ ...ਬ ਦੇ ਲੋਕ ਅਤਵਾਦੀਆਂ ... ਹੋਏ ਲੋਕਾਂ ਦੀ ਗਿਣਤੀ ...ਉਥੇ ਪ੍ਰਧਾਨ ਮੰਤਰੀ ਸ੍ਰੀਮਤੀ ...ਾਂ' ਦੀ ਗਿਣਤੀ ਕਰਦੀ ...ਸ਼ਾਂਤਾ ਕੁਮਾਰ ਨੇ ਕਿਹਾ ਕਿ ... ਗੜਬੜ ਪਿਛੇ ਸਤਾਧਾਰੀ ...) ਦੀਆਂ ਚੋਣ ਨੀਤੀਆਂ ਹੀ ...ਮੜ੍ਹ ਹਨ। ਉਹਨਾਂ ਕਿਹਾ ...ਾ ਸਿੰਘ ਦੀ ਅਗਵਾਈ ...ਰ ਨੂੰ ਭੰਗ ਕਰਨ ਨਾਲ ...ਈ ਸਥਿਤੀ ਸੁਧਰ ਸਕਦੀ ...ਰਾਜ ਦੇ ਲੋਕਾਂ ਦਾ ਸਰ- ...ਵਿਸ਼ਵਾਸ ਬਿਲਕੁਲ ਉਠ ...ਉਹਨਾਂ ਕਿਹਾ ਕਿ ਸਰਕਾਰ ...ੀ ਆਪਣੇ ਫਰਜ਼ ਪੂਰੇ ਨਹੀਂ ...ਾਂ ਕਿਹਾ ਕਿ ਜਿਥੇ ਸਰਕਾਰ ... ਹੁੰਦੇ ਕਤਲਾਂ ਨੂੰ ਤਮਾ- ...ਕੇ ਦੇਖਦੀ ਰਹੀ ਉਥੇ ...ਦੀ ਭੂਮਿਕਾ ਵੀ ਦੁਖਦਾਈ ...ਇਨ੍ਹਾਂ ਨੇ ਕਤਲਾਂ ਦੀ ਨਿੰਦਾ ...। ਹਿਮਾਚਲ ਪ੍ਰਦੇਸ਼ ਦੇ ਦੋ ...ਹਲਕਿਆਂ ਦੀਆਂ ਅਗਾਮੀ ...ਾ ਹਵਾਲਾ ਦਿੰਦਿਆਂ ਸ੍ਰੀ ...ਨੇ ਕਿਹਾ ਕਿ ਜੇ ਸਤਾਧਾਰੀ ... ਸੀਟਾਂ ਤੇ ਹਾਰ ਗਈ ਤਾਂ ...ਤੇ ਕਾਬਜ਼ ਨਹੀਂ ਰਹੇਗੀ। ...ਕਿ ਵਿਧਾਨ ਸਭਾ 'ਚ ਇਸ ...ਨ ਦੇ 32 ਵਿਧਾਇਕਾਂ ਦੇ ...ਗਰਸ (ਇ) ਦੇ 34 ਵਿਧਾ- ...ਵੀਰ ਭਦਰ ਸਿੰਘ ਸਰਕਾਰ ...ਸ ਤੇ ਟਿਪਣੀ ਕਰਦਿਆਂ ...ਾ 'ਚ ਭਾਜਪਾ ਵਿਧਾਇਕ ...ਤਾ ਸ੍ਰੀ ਸ਼ਾਂਤਾ ਕੁਮਾਰ ਨੇ ...ਉਨ੍ਹਾਂ ਦੀ ਸਰਕਾਰ ਵਲੋਂ ...ਨੂੰ ਦੂਰ ਕਰਨ ਲਈ ਕੋਈ ...ਹੀਂ ਚੁਕੇ ਗਏ। ਉਨ੍ਹਾਂ ...ਅਫਸਰਸ਼ਾਹੀ ਦੇ ਦਬਾਅ ਹੇਠ ...ਰ ਬੇਲੋੜੀ ਭਰਤੀ ਕੀਤੀ ...ਉਨ੍ਹਾਂ ਨੇ ਇਸ ਸਬੰਧੀ 6 ...ਰਾਂ, 9 ਕਮਿਸ਼ਨਰਾਂ, 7 ...ਜੀਜ਼. ਅਤੇ ਆਈ ਜੀਜ਼. ...ਾਂ ਦਾ ਹਵਾਲਾ ਦਿਤਾ। ...ਲ ਦੀ ਸਖਤ ਨਿੰਦਾ ਕੀਤੀ ... 226 ਕਿਲੋਮੀਟਰ ਲੰਬੀ ... ਦੀ ਦੇਖ-ਰੇਖ ਲਈ ਡੀ. ...ੀ ਨਿਯੁਕਤੀ ਕੀਤੀ ਗਈ ...ਲ ਪਹਾੜੀ ਸੂਬਾ ਹੋਣ ...ਾ ਰੇਲ ਢਾਂਚਾ ਨਹੀਂ।

ਪੰਜਾਬ ਚ ਦਰਬਾਰਾ ਸਿੰਘ ਸਰਕਾਰ ਦੀ ਤੁਰੰਤ ਬਰਤਰਫੀ ਦੀ ਮੰਗ ਕਰਦਿਆਂ ਉਨ੍ਹਾਂ ਇਹ ਵੀ ਚਿਤਾਵਨੀ ਦਿਤੀ ਕਿ ਜੇ ਅਜਿਹਾ ਨਾ ਕੀਤਾ ਗਿਆ ਤਾਂ ਲੋਕਾਂ ਦਾ ਲੋਕਤੰਤਰ ਅਤੇ ਲੋਕ ਰਾਜੀ ਸੰਸਥਾਵਾਂ ਤੋਂ ਵੀ ਵਿਸ਼ਵਾਸ਼ ਖਤਮ ਹੋ ਜਾਵੇਗਾ। ਉਨ੍ਹਾਂ ਨੇ ਪੰਜਾਬ ਚ ਚਿਟੇ ਦਿਨ ਹੋ ਰਹੇ ਕਤਲੇਆਮ ਤੇ ਡੂੰਘੀ ਚਿੰਤਾ ਪ੍ਰਗਟਾਈ। ਇਕ ਹੋਰ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਾਉਂਟਾ ਸਾਹਿਬ ਨੇੜੇ ਅਤੇ ਬਿਲਾਸਪੁਰ ਵਿਚ ਅਤਿਵਾਦੀਆਂ ਦੀ ਮੌਜੂਦਗੀ ਦੀ ਜਾਣਕਾਰੀ ਹੈ ਪ੍ਰੰਤੂ ਇਸ ਦੀ ਸਰਕਾਰੀ ਤੌਰ ਤੇ ਪੁਸ਼ਟੀ ਨਹੀਂ ਹੋ ਸਕੀ।

ਡਾ: ਹਰਿੰਦਰ ਸਿੰਘ ਗਿਲ ਦਾ 28 ਤਕ ਰਿਮਾਂਡ

ਪੁਲਸ ਅਤੇ ਅਕਾਲੀਆਂ ਵਿਚਕਾਰ ਟਕਰਾਅ ਟਲ ਗਿਆ

ਮੁਕਤਸਰ, 15 ਸਤੰਬਰ—(ਪਤਰ ਪਰੇਰਕ) 15 ਅਗਸਤ ਨੂੰ ਸਬ ਇੰਸਪੈਕਟਰ ਗੁਰਚਰਨ ਸਿੰਘ ਦੇ ਕਤਲ ਸਬੰਧੀ ਗ੍ਰਿਫਤਾਰ ਡਾ: ਹਰਿੰਦਰ ਸਿੰਘ ਗਿੱਲ ਨੂੰ ਅਜ ਸਬ ਡਵੀਜ਼ਨਲ ਜੁਡੀਸ਼ਲ ਮਜਿਸਟਰੇਟ ਸ੍ਰੀ ਬੀ. ਆਰ. ਬਾਂਸਲ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੇ ਡਾ: ਗਿਲ ਦਾ 28 ਸਤੰਬਰ ਤਕ ਹੋਰ ਜੁਡੀਸ਼ਲ ਰਿਮਾਂਡ ਦੇ ਦਿਤਾ ਗਿਆ। ਇਸ ਮੌਕੇ ਤੇ ਅਜ 100 ਔਰਤਾਂ ਸਮੇਤ ਲਗਪਗ 2000 ਅਕਾਲੀ ਵਰਕਰ ਵੀ ਅਦਾਲਤ ਦੇ ਬਾਹਰ ਮੌਜੂਦ ਸਨ ਤੇ ਉਹਨਾਂ ਨੇ ਸਰਕਾਰ ਵਿਰੋਧੀ ਨਾਅਰੇ ਲਾਏ। ਅਕਾਲੀਆਂ ਅਤੇ ਪੁਲਸ ਵਿਚਕਾਰ ਅਜ ਝਗੜਾ ਹੁੰਦਾ ਹੁੰਦਾ ਟਲ ਗਿਆ ਕਿਉਂਕਿ ਅਕਾਲੀ ਵੀ ਡਾ: ਗਿਲ ਦੇ ਨਾਲ ਅਦਾਲਤ ਵਿਚ ਅੰਦਰ ਜਾਣਾ ਚਾਹੁੰਦੇ ਸਨ। ਇਥੋਂ ਦੇ ਉਘੇ ਵਕੀਲ ਰਾਮ ਸਿੰਘ ਤੇ ਜਗਜੀਤ ਸਿੰਘ ਸਿਧੂ ਨੇ ਹੋਰ ਰਿਮਾਂਡ ਦੇਣ ਦਾ ਵਿਰੋਧ ਕੀਤਾ। ਕਲ੍ਹ ਬੰਬ ਕੇਸ ਦੇ ਕਥਿਤ ਦੋਸ਼ੀਆਂ ਜੀਵਨ ਸਾਥੀ ਅਤੇ ਚਰਨਜੀਤ ਸਿੰਘ ਨੂੰ ਵੀ ਇਸੇ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਅਦਾਲਤ ਨੇ ਦੋਹਾਂ ਦਾ 27 ਸਤੰਬਰ ਤਕ ਰਿਮਾਂਡ ਦੇ ਦਿਤਾ। ਏਸੇ ਸਮੇਂ ਇਸੇ ਕਤਲ ਕਾਂਡ ਸਬੰਧੀ 10 ਵਿਅਕਤੀ ਹਿਰਾਸਤ ਚ ਲਏ। ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪੰਜ ਵਰਕਰਾਂ ਸਵਰਨ ਸਿੰਘ, ਹਰਜੀਤ ਸਿੰਘ ਸੋਢੀ, ਦਵਿੰਦਰ ਸਿੰਘ ਅਤੇ ਜਗਤਾਰ ਸਿੰਘ ਆਦਿ ਨੂੰ ਰਿਹਾ ਕਰ ਦਿਤਾ। ਇਹਨਾਂ ਨੇ ਦੋਸ਼ ਲਾਇਆ ਹੈ ਕਿ ਪੁਲਸ ਨੇ ਉਹਨਾਂ ਤੇ ਕਥਿਤ ਅੰਨ੍ਹਾ ਤਸ਼ੱਦਦ ਕੀਤਾ ਹੈ। ਇਲਾਕੇ ਦੇ ਕਈ ਅਕਾਲੀ ਨੇਤਾਵਾਂ ਨੇ ਪੁਲਸ ਤਸ਼ੱਦਦ ਦੀ ਨਿਖੇਧੀ ਕੀਤੀ ਹੈ।

ਵਿਚਾਰਿਆ ਹੈ ਅਤੇ ਪੰਜਾਬੀਆਂ ਦੀਆਂ

ਸ: ਟੌਹੜਾ

ਅਚਾਨਕ ਬੀਮਾਰ

ਅੰਮ੍ਰਿਤਸਰ, 15 ਸਤੰਬਰ—ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅਜ ਇਥੇ ਪਤਰਕਾਰਾਂ ਨੂੰ ਦਸਿਆ ਕਿ ਮੈਂ ਇੰਦੌਰ ਦੀਆਂ ਘਟਨਾਵਾਂ ਬਾਰੇ ਮੌਕੇ ਤੇ ਜਾ ਕੇ ਜਾਂਚ ਕਰਨ ਲਈ ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਸ: ਬਰਨਾਲਾ ਦੀ ਡਿਊਟੀ ਲਗਾਈ ਸੀ। ਸ: ਟੌਹੜਾ ਅਜ ਕਲ੍ਹ ਬੀਮਾਰ ਹੋ ਗਏ ਹਨ ਤੇ ਜ਼ਿਲਾ ਪਟਿਆਲਾ ਵਿਚ ਆਪਣੇ ਪਿੰਡ ਟੌਹੜਾ 'ਚ ਹਨ। ਇਸ ਲਈ ਸ: ਬਰਨਾਲਾ ਇਕਲੇ ਹੀ ਭੁਪਾਲ ਦੇ ਰਸਤੇ ਇੰਦੌਰ ਰਵਾਨਾ ਹੋ ਗਏ ਹਨ।

ਸ: ਬਰਨਾਲਾ ਇੰਦੌਰ ਰਵਾਨਾ

ਸਜਰੀ ਸਥਿਤੀ ਦਾ ਜਾਇਜ਼ਾ ਲੈਣਗੇ-ਲੌਂਗੋਵਾਲ

ਇੰਦੌਰ ਬਾਰੇ ਗਿ: ਜ਼ੈਲ ਸਿੰਘ ਤੇ ਇੰਦਰਾ ਨੂੰ ਖਤ ਲਿਖਾਂਗਾ

ਅੰਮ੍ਰਿਤਸਰ, 15 ਸਤੰਬਰ—(ਯੂ.ਐਨ.ਆਈ.) ਅਕਾਲੀ ਦਲ ਦੇ ਪਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅਜ ਇਥੇ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਕਿਹਾ ਕਿ ਮੈਂ ਇੰਦੌਰ ਦੀਆਂ ਘਟਨਾਵਾਂ ਬਾਰੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਪਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਅਤੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ.ਸੀ.ਸੇਠੀ ਨੂੰ ਪਤਰ ਲਿਖਾਂਗਾ ਅਤੇ ਮੰਗ ਕਰਾਂਗਾ ਕਿ ਤਿੰਨ ਸਤੰਬਰ ਦੀਆਂ ਇੰਦੌਰ ਦੀਆਂ ਘਟਨਾਵਾਂ ਬਾਰੇ ਅਦਾਲਤੀ ਜਾਂਚ ਕਰਾਈ ਜਾਏ। ਸੰਤ ਜੀ ਨੇ ਕਿਹਾ ਕਿ ਅਕਾਲੀ ਦਲ ਦੀ ਸਬ ਕਮੇਟੀ ਨੇ ਇਹਨਾਂ ਘਟਨਾਵਾਂ ਬਾਰੇ ਮੈਨੂੰ ਜਿਹੜੀ ਰੀਪੋਰਟ ਦਿਤੀ ਹੈ। ਮੈਂ ਉਹਨਾਂ ਦੀਆਂ ਕਾਪੀਆਂ ਇਹਨ ਨੇਤਾਵਾਂ ਨੂੰ ਭੇਜਾਂਗਾ। ਸੰਤ ਲੌਂਗੋਵਾਲ ਨੇ ਫਿਰ ਮੰਗ ਕੀਤੀ ਕਿ ਮਧ ਪ੍ਰਦੇਸ਼ ਦੇ ਮੁਖ ਮੰਤਰੀ ਸ੍ਰੀ ਅਰਜਨ ਸਿੰਘ ਮੁਆਫੀ ਮੰਗਣ, ਸਾੜੇ ਗਏ ਟੈਂਪੂਆਂ ਦਾ ਮੁਆਵਜ਼ਾ ਦਿਤਾ ਜਾਏ, 32 ਸਿਖਾਂ ਵਿਰੁਧ ਬਣਾਏ ਗਏ ਕੇਸ ਵਾਪਿਸ ਲਏ ਜਾਣ ਅਤੇ ਕਸੂਰਵਾਰ ਪੁਲੀਸ ਅਧਿਕਾਰੀਆਂ ਵਿਰੁਧ ਕਾਰਵਾਈ ਕੀਤੀ ਜਾਏ। ਇਸ ਦੌਰਾਨ ਸੰਤ ਲੌਂਗੋਵਾਲ ਨੇ ਇੰਦੌਰ ਦੀ ਸਜਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਸਾਬਕ ਕੇਂਦਰੀ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੂੰ ਉਥੇ ਭੇਜਿਆ ਹੈ। ਪੀ.ਟੀ.ਆਈ. ਅਨੁਸਾਰ ਸ: ਬਰਨਾਲਾ ਇੰਦੌਰ ਦੀਆਂ ਘਟਨਾਵਾਂ ਦੇ ਸਬੰਧ ਵਿਚ ਭੁਪਾਲ ਅਤੇ ਇੰਦੌਰ ਵਿਚ ਮਧ ਪ੍ਰਦੇਸ਼ ਦੇ ਸੀਨੀਅਰ ਸਰਕਾਰੀ ਅਧਿਕਾਰੀਆਂ ਅਤੇ ਸਿਆਸੀ ਨੇਤਾਵਾਂ ਨੂੰ ਮਿਲਣਗੇ। ਤਿੰਨ ਮੈਂਬਰੀ ਜਾਂਚ ਕਮੇਟੀ ਨੇ ਦਸਿਆ ਸੀ ਕਿ ਪੁਲੀਸ ਗੁਰਦਵਾਰਾ ਇਮਲੀ ਸਾਹਿਬ ਵਿਚ ਦਾਖਲ ਹੋ ਗਈ। ਪੁਲੀਸ ਨੇ ਸਿੰਘਾਂ ਤੇ ਲਾਠੀਚਾਰਜ ਕੀਤਾ ਅਤੇ ਅਥਰੂ ਗੈਸ ਛਡੀ। ਇਸ ਦੇ ਫਲਸਰੂਪ 135 ਸਿੰਘ ਫਟੜ ਹੋਏ।

ਮੌਰੇਸ਼ੀਅਸ ਦੀ ਵਿਦੇਸ਼ਨੀਤੀ ਚ ਤਬਦੀਲੀ ਨਹੀਂ

ਡੀਗੋਗਾਰਸ਼ੀਆ ਤੇ ਦਾਅਵਾ ਬਰਕਰਾਰ-ਦੂਵਾਲ

ਨਵੀਂ ਦਿੱਲੀ, 15 ਸਤੰਬਰ—(ਪੀ.ਟੀ.ਆਈ.) ਮੌਰੇਸ਼ੀਅਸ ਦੇ ਉਪ ਪ੍ਰਧਾਨ ਮੰਤਰੀ ਸਰ ਗੇਤਾਨ ਦੂਵਾਲ ਨੇ ਅਜ ਇਥੇ ਦਸਿਆ ਕਿ ਮੌਰੇਸ਼ੀਅਸ ਦੀ ਵਿਦੇਸ਼ ਨੀਤੀ ਵਿਚ ਕੋਈ ਅਹਿਮ ਤਬਦੀਲੀ ਨਹੀਂ ਕੀਤੀ ਗਈ। ਉਹਦੇ ਦੇਸ਼ ਦੇ ਡੀਗੋਗਾਰਸ਼ੀਆ ਬਾਰੇ ਸਟੈਂਡ ਵਿਚ ਕੋਈ ਤਬਦੀਲੀ ਨਹੀਂ। ਸਾਡਾ ਇਸ ਤੇ ਦਾਅਵਾ ਹਾਲਾਂ ਵੀ ਬਰਕਰਾਰ ਹੈ। ਸਰ ਗੇਤਾਨ ਤੋਂ ਅਜ ਇਥੇ ਪਰੈਸ ਕਾਨਫਰੰਸ ਵਿਚ ਇਹ ਪੁਛਿਆ ਗਿਆ ਸੀ ਕਿ ਮੌਰੇਸ਼ੀਅਸ ਵਿਚ ਨਵੀਂ ਕੁਲੀਸ਼ਨ ਸਰਕਾਰ ਦੇ ਹੋਂਦ ਵਿਚ ਆਉਣ ਪਿਛੋਂ ਕੀ ਡੀਗੋ ਗਾਰਸ਼ੀਆ ਤੇ ਹਿੰਦ ਮਹਾਂਸਾਗਰ ਦੇ ਸਟੈਂਡ ਬਾਰੇ ਕੋਈ ਤਬਦੀਲੀ ਆਈ ਹੈ। ਉਹ ਸਮਝਦੇ ਹਨ ਕਿ ਹਿੰਦ-ਮੌਰੇਸ਼ੀਅਸ ਸਾਂਝਾ ਕਮਿਸ਼ਨ ਆਰਥਿਕ ਸਹਿਯੋਗ ਲਈ ਮਦਦਗਾਰ ਸਾਬਤ ਹੋ ਸਕਦਾ ਹੈ। ਉਹਨਾਂ ਆਸ ਪ੍ਰਗਟਾਈ ਕਿ ਸਾਂਝਾ ਕਮਿਸ਼ਨ ਦੀ ਮੀਟਿੰਗ ਅਕਤੂਬਰ ਦੇ ਤੀਜੇ ਜਾਂ ਚੌਥੇ ਹਫਤੇ ਹੋਏਗੀ। ਉਹਨਾਂ ਹੋਰ ਕਿਹਾ ਕਿ ਭਾਰਤ ਵਲੋਂ ਕੀਤੀ ਸਨਅਤੀ ਤਰਕੀ ਤੋਂ ਉਹਨਾਂ ਦਾ ਦੇਸ਼ ਬਹੁਤ ਪ੍ਰਭਾਵਿਤ ਹੋਇਆ ਹੈ। ਉਹਨਾਂ ਕਿਹਾ ਕਿ ਦੋਵੇਂ ਦੇਸ਼ਾਂ ਚ ਸਾਂਝੇ ਪ੍ਰਾਜੈਕਟ ਸਥਾਪਤ ਕਰਕੇ

ਦਲ ਬਦਲੀ ...

7 ਅਪੋਜ਼ੀਸ਼ਨ ਪਾਰਟੀਅ...

ਨਵੀਂ ਦਿੱਲੀ, 15 ਸਤੰਬਰ—(ਯੂ.ਐਨ.ਆਈ.) 7 ਅਪੋਜ਼ੀਸ਼ਨ ਪਾਰਟੀਆਂ ਦੇ ...

ਰਾਜ ਦੇ ਦਿਹਾਤੀ ਖੇਤਰ ਨੂੰ ਪੰਚਾਇਤੀ ਚੋਣਾਂ ਦੀ ਦ੍ਰਿਸ਼ਟੀ ਨਾਲ ਸੌ ਗੁਟਾਂ ਵਿਚ ਵੰਡਿਆ ਗਿਆ ਹੈ। ਹਰ ਗੁਟ ਦੇ ਪਿੰਡਾਂ ਵਿਚ ਪਹਿਲੇ ਦਿਨ ਨਾਮਜ਼ਦਗੀ ਪਤਰ

ਦਿਹਾਤੀ ਖੇਤਰਾਂ ਵਿਚ ... ਖੇਤਰ ਵਧਾਉਣ ਲਈ ਆਪਣੀ ਪਾਰਟੀ ਦੇ ਵਰਕਰਾਂ ਨੂੰ ਰਣ ਮੈਦਾਨ ਵਿਚ ਲਿਆ ਰਹੀਆਂ ਹਨ।

ਅੰਮ੍ਰਿਤਾ ਨੇ ਮੁਆਫੀ ਮੰਗ ਲਈ

ਸ਼ਰੋਮਣੀ ਕਮੇਟੀ ਦੇ ਨਾਮ ਪਤਰ ਲਿਖਿਆ

ਅੰਮ੍ਰਿਤਸਰ, 20 ਜੂਨ—ਪਤਾ ਲਗਾ ਹੈ ਕਿ ਪੰਜਾਬੀ ਦੀ ਕਵਿਤਰੀ ਅੰਮ੍ਰਿਤਾ ਪ੍ਰੀਤਮ ਨੇ ਸਿਖੀ ਤੇ ਸਿਖ ਧਰਮ ਵਿਰੁਧ ਕੁਝ ਲਿਖਤਾਂ ਤੇ ਨਜ਼ਮਾਂ ਲਿਖਣ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੁਆਫੀ ਮੰਗ ਲਈ ਹੈ। ਕਮੇਟੀ ਦੇ ਨਾਂ ਇਕ ਪਤਰ ਵਿਚ ਅੰਮ੍ਰਿਤਾ ਪ੍ਰੀਤਮ ਨੇ ਲਿਖਿਆ । ਦਸਿਆ ਜਾਂਦਾ ਹੈ ਕਿ ਇਹ ਨਜ਼ਮਾਂ ਮੈਂ ਕੁਝ ਚਿਰ ਪਹਿਲਾਂ ਲਿਖੀਆਂ ਸਨ। ਸਾਹਿਤ ਨੂੰ ਮੁਖ ਰਖਕੇ ਲਿਖੀਆਂ ਤੇ ਮੈਨੂੰ ਧਰਮ ਬਾਰੇ ਕੋਈ-ਜਾਣਕਾਰੀ ਨਹੀਂ। ਜੇਕਰ ਇਨ੍ਹਾਂ ਨਜ਼ਮਾਂ ਕਾਰਨ ਸਿਖਾਂ ਦੇ ਮਨ ਨੂੰ ਠੇਸ ਪੁਜੀ ਹੈ ਤਾਂ ਮੈਂ ਸ਼ਰੋਮਣੀ ਕਮੇਟੀ ਤੋਂ ਮੁਆਫੀ ਮੰਗਦੀ ਹਾਂ ਅਤੇ ਆਪਣੀ ਕਿਤਾਬ 'ਕਾਗਜ਼ ਤੇ ਕੈਨਵਸ' ਦੇ ਅਗਲੀ ਐਡੀਸ਼ਨ ਵਿਚ ਇਹ ਨਜ਼ਮਾਂ ਸ਼ਾਮਲ ਨਾ ਕਰਨ ਦਾ ਭਰੋਸਾ ਦਿੰਦੀ ਹਾਂ। 'ਕਾਗਜ਼ ਤੇ ਕੈਨਵਸ' ਵਿਚ ਸ਼ਾਮਿਲ ਜਿਹੜੀਆਂ ਨਜ਼ਮਾਂ ਨੂੰ ਸਿਖੀ ਵਿਰੋਧੀ ਕਰਾਰ ਦਿੰਦਿਆਂ ਸ਼ਰੋਮਣੀ ਕਮੇਟੀ ਨੇ ਇਤਰਾਜ਼ ਕੀਤਾ ਸੀ, ਉਹ ਹਨ :— 'ਗਰਭਵਤੀ', 'ਸੁਲੱਖਣੀ', 'ਪੰਜਵੀਂ ਉਦਾਸੀ', 'ਸਿੰਘ' ਅਤੇ 'ਕੌਰ'। ਸ਼ਰੋਮਣੀ ਕਮੇਟੀ ਨੇ ਆਪਣੇ ਲੀਗਲ ਐਡਵਾਈਜ਼ਰ (ਐਲ.ਏ.) ਸ: ਪੂਰਨ ਸਿੰਘ ਹੁੰਦਲ ਰਾਹੀਂ ਅੰਮ੍ਰਿਤਾ ਪ੍ਰੀਤਮ ਨੂੰ ਕਾਰਨ ਦਸੋ ਨੋਟਿਸ ਦਿਤਾ ਸੀ ਕਿ ਸਿਖੀ ਦਾ ਅਪਮਾਨ ਕਰਨ ਦੇ ਦੋਸ਼ ਵਿਚ ਉਨ੍ਹਾਂ ਵਿਰੁਧ ਕਿਉਂ ਨਾ ਕਾਨੂੰਨੀ ਕਾਰਵਾਈ ਕੀਤੀ ਜਾਏ ? ਇਥੇ ਇਹ ਵੀ ਗਲ ਵਰਨਣ ਯੋਗ ਹੈ ਕਿ ਰੋਜ਼ਾਨਾ ਅਜੀਤ ਵਿਚ ਸੁਰਜੀਤ ਸਿੰਘ. ਸੇਖੀ ਨੇ ਇਕ ਲੇਖ ਲੜੀ ਰਾਹੀਂ ਅੰਮ੍ਰਿਤਾ ਪ੍ਰੀਤਮ ਦੀਆਂ ਬਹੁਤ ਸਾਰੀਆਂ ਨਜ਼ਮਾਂ ਤੇ ਇਤਰਾਜ਼ ਕੀਤਾ ਸੀ ਪਰ ਸ਼ਰੋਮਣੀ ਕਮੇਟੀ ਦੇ ਸਕੱਤਰ ਸ: ਭਾਨ ਸਿੰਘ ਨੇ ਕੇਵਲ ਪੰਜ ਨਜ਼ਮਾਂ ਦਾ ਹੀ ਨੋਟਿਸ ਵਿਚ ਜ਼ਿਕਰ ਕੀਤਾ। ਇਸ ਦੌਰਾਨ ਗੁਰਦ-ਵਾਰਾ ਸਿੰਘ ਸਭਾ ਦਾਦਰ ਨੇ ਫੈਸਲਾ ਕੀਤਾ ਹੈ ਕਿ ਜੇਕਰ ਅੰਮ੍ਰਿਤ ਪ੍ਰੀਤਮ ਨੇ ਆਪਣੀਆਂ ਸਾਰੀਆਂ ਸਿਖੀ ਵਿਰੋਧੀ ਨਜ਼ਮਾਂ ਲਿਖਣ ਤੇ ਸਮੁਚੇ ਪੰਥ ਤੋਂ ਮੁਆਫੀ ਨਾ ਮੰਗੀ ਤਾਂ ਉਹ ਅੰਮ੍ਰਿਤਾ ਪ੍ਰੀਤਮ ਵਿਰੁਧ ਅਦਾਲਤ 'ਚ ਮੁਕੱਦਮਾ ਦਾਇਰ ਕਰਨਗੇ ਜਾਂ ਸੁਰਜੀਤ ਸਿੰਘ ਸੇਖੀ ਵਲੋਂ ਮੁਕੱਦਮਾ ਦਾਇਰ ਕੀਤੇ ਜਾਣ ਤੇ ਉਨ੍ਹਾਂ ਨੂੰ ਮਾਲੀ ਸਹਾਇਤਾ ਦੇਣਗੇ।

ਕਸ਼ਮੀਰ ਅਸੰਬਲੀ ਦਾ 7 ਜੁਲਾਈ ਨੂੰ ਸੈਸ਼ਨ

● ਸ੍ਰੀਨਗਰ, 20 ਜੂਨ—ਜੰਮੂ ਤੇ ਕਸ਼ਮੀਰ ਦੇ ਰਾਜਪਾਲ ਸ੍ਰੀ ਬੀ.ਕੇ. ਨਹਿਰੂ ਨੇ ਨਵੀਂ ਚੁਣੀ ਅਸੰਬਲੀ ਦਾ ਸੈਸ਼ਨ 7 ਜੁਲਾਈ ਨੂੰ ਸਵੇਰੇ 9-15 ਵਜੇ ਸਦਿਆ ਹੈ ਜਿਸ ਵਿਚ ਸਪੀਕਰ ਦੀ ਚੋਣ ਕੀਤੀ ਜਾਏਗੀ ਤੇ ਨਵੇਂ ਚੁਣੇ ਮੈਂਬਰਾਂ ਨੂੰ ਸ੍ਰੀ ਭਦਰਵਾਹੀ ਸੌਂਹ ਚੁਕਾਣਗੇ। ਰਾਜਪਾਲ 11 ਜੁਲਾਈ ਨੂੰ ਵਿਧਾਨ ਸਭਾ ਤੇ ਵਿਧਾਨ ਪ੍ਰੀਸ਼ਦ ਦੇ ਸਾਂਝੇ ਸਮਾਗਮ ਨੂੰ ਸੰਬੋਧਨ ਕਰਨਗੇ ਤੇ ਬਜਟ ਪੇਸ਼ ਕੀਤਾ ਜਾਏਗਾ।

ਬੇਪਰਤੀਤੀ ਮਤੇ ਤੇ ਬਹਿਸ ਅਜ

● ਪਟਨਾ, 20 ਜੂਨ—(ਯੂ.ਐਨ.ਆਈ.) ਬਿਹਾਰ ਵਿਧਾਨ ਸਭਾ ਵਿਚ ਤਿੰਨ ਸਾਲ ਪੁਰਾਣੀ ਜਗਨ ਨਾਥ ਸਰ-

ਟਰਕ ਹਾਦਸੇ ਵਿਚ ਇਕ ਬੰਦਾ ਹਲਾਕ

● ਫਾਜ਼ਿਲਕਾ, 20 ਜੂਨ—(ਹਿ.ਸ.) ਬੀਤੇ ਦਿਨ ਸਥਾਨਕ ਸਲੀਮ

ਪਤਾਅ ਤੇ ਅਜ ਸਵੇਰੇ ਊਧਮਪੁਰ ਵਿਚ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਪੁਜੇ ਸਨ ਜਿਥੇ ਜੰਮੂ ਕਸ਼ਮੀਰ ਦੇ ਰਾਜਪਾਲ ਸ੍ਰੀ ਬੀ.ਕੇ. ਨਹਿਰੂ ਤੇ ਬਹੁਤ ਸਾਰੇ ਕਾਂਗਰਸ (ਵ) ਵਰਕਰਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਪਿਛੋਂ ਡੋਡਾ ਜ਼ਿਲੇ ਵਿਚ ਭਦਰ-ਵਾਹ ਦੇ ਰੀਜ਼ਰਵ ਹਲਕੇ ਵਿਚ ਇਕ ਹੋਰ ਰੈਲੀ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ

ਰਾਜਾਂ ਵਲ ਵਧੇਰੇ ਧਿਆਨ ਦਿਤਾ ਜਾ ਰਿਹਾ ਹੈ। ਸ੍ਰੀਮਤੀ ਗਾਂਧੀ ਨੇ ਕਿਹਾ ਕਿ ਕੇਂਦਰ ਨੇ ਜੰਮੂ ਤੇ ਕਸ਼ਮੀਰ ਨੂੰ ਵਧ ਤੋਂ ਵਧ ਸਹਾਇਤਾ ਦਿਤੀ ਕਿਉਂਕਿ ਇਹ ਇਕ ਪਛੜਿਆ ਰਾਜ ਸੀ। ਪਹਿਲੀ ਯੋਜਨਾ ਵਿਚ 13 ਕਰੋੜ ਰੁਪੇ ਦੀ ਜੰਮੂ ਕਸ਼ਮੀਰ ਨੂੰ ਸਹਾਇਤਾ ਦਿਤੀ ਗਈ। ਪਰੰਤੂ ਹੁਣ ਇਹ ਸਹਾਇਤਾ ਵਧ ਕੇ

(ਪਤਰ-ਪ੍ਰੇਰਕ ਤ. ਸ.) ਇਥੋਂ ਲਗਪਗ 20 ਕਿਲੋਮੀਟਰ ਦੂਰ ਸੁਲਤਾਨਪੁਰ ਲੋਧੀ ਵਿਚ ਸੁਰਖਿਆ ਕਰਮਚਾਰੀਆਂ ਦੀ ਬਹਾਦਰੀ ਅਤੇ ਦਲੇਰੀ ਦੇ ਕਾਰਨ ਸਟੇਟ ਬੈਂਕ ਅ ਫ ਪਟਿਆਲਾ ਨੂੰ ਲੁਟਣ ਦਾ ਯਤਨ ਅਸਫਲ ਹੋ ਗਿਆ। ਦਸਿਆ ਜਾਂਦਾ ਹੈ ਕਿ ਅਜ ਲਗਪਗ ਡੇਢ ਵਜੇ ਇਕ ਕਾਰ ਵਿਚ 5 'ਕਲੀਨਸੇਵਨ'

ਹਰਸਿਮਰਨ ਸਿੰਘ ਜਹਾਜ਼ ਅਗਵਾ ਕੇਸ ਚੋਂ ਬਰੀ

ਇਸਤਗਾਸਾ ਕੋਈ ਵੀ ਸਬੂਤ ਪੇਸ਼ ਨਾ ਕਰ ਸਕਿਆ-ਅਦਾਲਤ ਦਾ ਫੈਸਲਾ

ਨਵੀਂ ਦਿਲੀ 30 ਮਈ—(ਯੂ. ਐਨ.ਆਈ.) ਅਤਿਰਕਤ ਸੈਸ਼ਨ ਜਜ ਸ੍ਰੀ ਐਮ.ਕੇ. ਚਾਵਲਾ ਨੇ ਅਜ ਸ: ਹਰਸਿਮਰਨ ਸਿੰਘ ਨੂੰ ਬਰੀ ਕਰ ਦਿਤਾ। ਉਹਨਾਂ ਨੂੰ 1981 ਵਿਚ ਇੰਡੀਅਨ ਏਅਰ ਲਾਈਨਜ਼ ਦੇ ਜਹਾਜ਼ ਅਗਵਾ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਜਿਸ ਨੂੰ ਪੰਜ ਅਗਵਾਕਾਰ ਲਾਹੌਰ ਲੈ ਗਏ ਸਨ। ਜਜ ਨੇ ਆਪਣੇ ਹੁਕਮ ਵਿਚ ਕਿਹਾ ਕਿ ਇਸਤਗਾਸੇ ਵਲੋਂ ਸਾਰੇ ਜ਼ਬਾਨੀ ਅਤੇ ਦਸਤਾਵੇਜ਼ੀ ਸਬੂਤ ਜੋ ਆਸਾਨੀ ਨਾਲ ਮਿਲ ਸਕਦੇ ਸਨ, ਨੂੰ ਰੋਕ ਲਿਆ ਗਿਆ ਹੈ। ਇਸ ਲਈ ਅਦਾਲਤ ਕੋਲ ਹਰਸਿਮਰਨ ਸਿੰਘ ਨੂੰ ਸ਼ੱਕ ਦਾ ਲਾਭ ਦਿੰਦਿਆਂ ਬਰੀ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ। 29 ਸਤੰਬਰ 1981 ਨੂੰ ਦਿੱਲੀ ਤੋਂ ਸ੍ਰੀਨਗਰ ਜਾਂਦੇ ਇੰਡੀਅਨ ਏਅਰ ਲਾਈ-ਨਜ਼ ਦੇ ਇਕ ਜਹਾਜ਼ ਨੂੰ 5 ਸਿਖ ਨੌਜ-ਵਾਨਾਂ ਗਜਿੰਦਰ ਸਿੰਘ, ਕਰਮ ਸਿੰਘ, ਸਤਨਾਮ ਸਿੰਘ, ਜਸਬੀਰ ਸਿੰਘ ਅਤੇ ਤਜਿੰਦਰ ਸਿੰਘ ਨੇ ਅਗਵਾ ਕਰ ਲਿਆ ਸੀ ਤੇ ਇਸ ਨੂੰ ਪਿਛੋਂ ਲਾਹੌਰ ਉਤਾਰ ਦਿਤਾ ਸੀ। ਇਸਤਗਾਸੇ ਅਨੁਸਾਰ ਉਸ ਸ਼ਾਮ ਹਰਿਸਿਮਰਨ ਸਿੰਘ ਨੇ ਪਤਰਕਾਰ ਸੰਮੇਲਨ ਵਿਚ ਐਲਾਨ ਕੀਤਾ ਸੀ ਕਿ ਅਗਵਾ ਲਈ ਦਲ ਖਾਲਸਾ ਜ਼ੁਮੇਵਾਰ ਹੈ। ਉਸ ਨੂੰ ਬੀਤੇ ਸਾਲ ਅਪਰੈਲ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਕਿ ਪੰਜੇ ਅਗਵਾਕਾਰ ਅਜੇ ਪਾਕ ਦੀ ਹਿਰਾ-ਸਤ ਵਿਚ ਹਨ। ਜਜ ਨੇ ਆਪਣੇ ਹੁਕਮ ਵਿਚ ਕਿਹਾ ਕਿ ਇਸਤਗਾਸੇ ਨੇ ਕੋਈ ਅਜਿਹਾ ਸਬੂਤ ਪੇਸ਼ ਨਹੀਂ ਕੀਤਾ ਜੋ ਦਲ ਖਾਲਸਾ ਜਾਂ ਹਰਸਿਮਰਨ ਸਿੰਘ ਦੇ ਇਸ ਸੰਸਥਾ ਨਾਲ ਸਬੰਧਾਂ ਤੇ ਰੋਸ਼ਨੀ ਪਾਵੇ। ਉਸ ਪ੍ਰੈਸ ਕਾਨਫਰੰਸ ਵਿਚ ਸ਼ਾਮਲ ਪੀ.ਟੀ.ਆਈ. ਦੇ ਇਕ ਪਤਰ ਪ੍ਰੇਰਕ ਵਲੋਂ ਹਲਫ ਲੈਣ ਬਾਰੇ ਸ੍ਰੀ

ਚਾਵਲਾ ਨੇ ਕਿਹਾ ਕਿ ਇਸ ਨਾਲ ਹਰਸਿਮਰਨ ਸਿੰਘ ਦਾ ਸੰਸਥਾ ਨਾਲ ਕੋਈ ਸਬੰਧ ਸਿਧ ਨਹੀਂ ਹੁੰਦਾ। ਜਜ ਨੇ ਕਿਹਾ ਕਿ ਪਤਰ ਪ੍ਰੇਰਕ ਨੇ ਇਹ ਗਲ ਸਵੀਕਾਰ ਕੀਤੀ ਹੈ ਕਿ ਉਨ੍ਹਾਂ ਨੇ ਪ੍ਰੈਸ ਕਾਨਫਰੰਸ ਚ 'ਰਫ ਨੋਟਸ' ਲਏ ਸਨ ਤੇ ਇਸ ਸਬੰਧੀ ਖਬਰ ਜਾਰੀ ਕਰ ਦਿਤੀ। ਪ੍ਰੰਤੂ ਅਫਸੋਸ ਕਿ (ੳ) ਉਹ 'ਰਫਨੋਟਸ' ਅਦਾਲਤ 'ਚ ਪੇਸ਼ ਨਹੀਂ ਕੀਤੇ ਗਏ (ਅ) ਵਖ ਵਖ ਅਖਬਾਰਾਂ ਨੂੰ ਭੇਜਿਆ ਗਿਆ ਉਸ ਦਾ ਡਿਸਪੈਚ ਵੀ ਪੇਸ਼ ਨਹੀਂ ਕੀਤਾ ਗਿਆ (ੲ) ਪੀ. ਟੀ. ਆਈ ਦੇ ਜਲੰਧਰ, ਚੰਡੀਗੜ੍ਹ ਜਾਂ ਦਿੱਲੀ ਦਫਤਰਾਂ ਤੋਂ ਕੋਈ ਵੀ ਜ਼ੁਮੇਵਾਰ ਵਿਅ-ਕਤੀ ਇਸ ਦੀ ਪੁਸ਼ਟੀ ਲਈ ਨਹੀਂ ਆਇਆ। (ਸ) ਇਥੋਂ ਤਕ ਕਿ ਅਖ-ਬਾਰਾਂ ਵਿਚ ਛਪੀ ਇਸ ਸਬੰਧੀ ਕਥਿਤ ਖਬਰ ਵੀ ਪੇਸ਼ ਨਹੀਂ ਕੀਤੀ ਗਈ (ਹ) ਇਥੋਂ ਤਕ ਕਿ ਵਖ ਵਖ ਅਖਬਾਰਾਂ ਦੇ ਨਿਊਜ਼ ਐਡੀਟਰ ਵੀ ਇਸ ਖਬਰ ਦੀ ਪੁਸ਼ਟੀ ਲਈ ਹਾਜ਼ਰ ਨਹੀਂ ਹੋਏ।

ਚੰਡੀਗੜ੍ਹ ਵਿਚ ਤਨਾਓ ਲਈ ਯੂ. ਟੀ. ਪ੍ਰਸ਼ਾਸਨ ਜ਼ਿੰਮੇਵਾਰ-ਦਲ ਦੀ ਜਾਂਚ ਕਮੇਟੀ ਦਾ ਇਲਜ਼ਾਮ

'ਸਥਾਨਕ ਕਾਂਗਰਸੀਆਂ ਨੇ ਵੀ ਮਸਲੇ ਨੂੰ ਉਲਝਾਇਆ'

● ਚੰਡੀਗੜ੍ਹ, 30 ਮਈ—(ਸਟਾਫ ਰਿਪੋਰਟਰ) ਅਕਾਲੀ ਦਲ ਵਲੋਂ ਭੇਜੀ ਗਈ ਦੋ ਮੈਂਬਰੀ ਕਮੇਟੀ ਨੇ ਚੰਡੀਗੜ੍ਹ ਵਿਚ ਪਿਛਲੇ ਦਿਨੀਂ ਸੈਕਟਰ 26 ਤੇ ਸੈਕਟਰ 7 ਦੇ ਗੁਰਦੁਆਰਿਆਂ ਸਬੰਧੀ ਵਾਪਰੀਆਂ ਘਟਨਾਵਾਂ ...

ਭੜਕਾ ਕੇ ਫਿਰਕੂ ਫਸਾਦ ਕਰਾਉਣ ਦੇ ਯਤਨ ਕਰ ਰਹੇ ਹਨ। ਜਾਂਚ ਕਮੇਟੀ ਦੇ ਮੈਂਬਰ ਸ਼ਰੋਮਣੀ ਕਮੇਟੀ ਦੇ ਜਨਰਲ ਸਕਤਰ ਸ: ਓਂਕਾਰ ਸਿੰਘ ਮਠੋਨੰਗਲ ਅਤੇ ਸੈਕਟਰੀ ਸ: ਭਾਨ ਸਿੰਘ ਨੇ ਅਜ

ਕੇਵਲ ਵੈਸ...
ਵਿ...
ਅਤੇ ਦੇਸ਼ ਭ...
ਹਰ...
ਸਾਧ...
ਪਰ ਸਰਵਿਸ...

ਅੰਤਰ-ਰਾਸ਼ਟ੍ਰੀ ਹਾਕੀ ਖਿਡਾਰੀ ਤੇ ਡਾਇਰੈਕਟਰ ਸਟੂਡੈਂਟਸ ਵੈਲਫੇਅਰ ਪ੍ਰਿਥੀਪਾਲ ਸਿੰਘ ਕਤਲ

ਖੇਤੀਵਰਸਿਟੀ ਲੁਧਿਆਣਾ 'ਚ ਗੋਲੀ ਮਾਰੀ ਗਈ—ਕਾਤਲ ਫਰਾਰ

ਸ੍ਰ. ਪ੍ਰਿਥੀਪਾਲ ਸਿੰਘ ਦਾ ਅੰਤਿਮ ਸੰਸਕਾਰ

ਅਤਿਵਾਦੀਆਂ ਦਾ ਹੱਥ ਨਹੀਂ

ਪ੍ਰਿਥੀਪਾਲ ਸਿੰਘ ਦੇ ਕਤਲ ਬਾਰੇ ਸਰਕਾਰੀ ਦਾਅਵਾ

...ਡ 'ਚ ਤਬਦੀਲੀ ਨਹੀਂ—ਭਜਨ ਲਾਲ

...ਪੰਜਾਬ ਨੂੰ ਦਿਓ

ਰਿਹਾਇਸ਼ੀ ਪਲਾਟਾਂ ਲਈ ਵਧੀਆ ਅਵਸਰ

ਆਮਦਨ ਦਾ ਹੋਰ ਕੋਈ
ਵਪਾਰੀਆਂ ਵਲੋਂ ਦਿਤੀ
ਪੁਛੇ ਜਾਣ ਤੇ ਉਨ੍ਹਾਂ ਕਿਹਾ
ਅੰਦੋਲਨਕਾਰੀ ਰਵੱਈਆ
ਦੀ ਥਾਂ ਲੋਕਲ ਬਾਡੀਜ਼
ਤਦਾਰੀ ਲਾਲ ਕਪੂਰ ਨਾਲ
ਨੀ ਚਾਹੀਦੀ ਹੈ । ਉਨ੍ਹਾਂ
ਾਲੀਆਂ ਦਾ ਮੰਗਾਂ ਬਾਰੇ
ਨਹੀਂ ਤੇ ਜੇ ਉਹ ਇਸ
ਨਾ ਤਾਂ ਸਰਕਾਰ ਜ਼ਰੂਰ ਕੁਝ
ਪਾਠੀ ਕਮਿਸ਼ਨ ਦੀਆਂ
ਧੀ ਪੁਛੇ ਜਾਣ ਤੇ ਡਾ:
ਨੇ ਕਿਹਾ ਕਿ ਰਾਜ

ਸੈਕਲੂਰ (ਧਰਮ-ਨਿਰਪੱਖ) ਪਾਰਟੀ ਰਾਜ ਨਹੀਂ ਕਰ ਸਕਦੀ । ਪ੍ਰਧਾਨ ਮੰਤਰੀ ਦੇ ਦੌਰੇ ਦਾ ਉਦੇਸ਼ ਸਪੱਸ਼ਟ ਕਰਦਿਆਂ ਡਾ: ਕੇਵਲ ਕਰਿਸ਼ਨ ਨੇ ਕਿਹਾ ਕਿ ਸ੍ਰੀਮਤੀ ਗਾਂਧੀ ਨਾਭੇ ਚ 20 ਨੁਕਤੀ ਪ੍ਰੋਗਰਾਮ ਅਧੀਨ ਸਮੂਹਕ ਕਰਜ਼ੇ ਦੇਣ, ਲੁਧਿਆਣੇ ਚ ਬੇਘਰਿਆਂ ਨੂੰ ਮਕਾਨ ਦੇਣ ਅਤੇ ਗੁਰਦਾਸਪੁਰ ਚ ਜੰਗਲਾਤ ਨੂੰ ਪ੍ਰੋਹਤਸਾਨ ਦੇਣ ਲਈ ਪੌਦੇ ਲਗਾਉਣ ਲਈ ਆ ਰਹੇ ਹਨ ।

ਅਜੀਬ ਗਲ ਹੈ ਕਿ ਜਦ ਪਿਆਰ, ਇਜ਼ਤ ਅਤੇ ਸਮਝਦਾਰੀ ਨਾਲ ਇਤਨਾ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ, ਤਾਂ ਵੀ ਕੁਝ ਲੋਕ ਗਲਤ ਰਾਹ ਅਪਣਾ ਲੈਂਦੇ ਹਨ । ਟਿਊਨੇਸ਼ੀਆ ਦੀ ਫਸਟ ਲੇਡੀ ਮੈਡਮ ਵਸੀਲਾ ਬੋਰਗਿਬਾ ਨੂੰ ਸੋਸ਼ਲ ਵਰਕ ਲਈ, ਅਰਜਨਟਾਈਨਾ ਦੇ ਮੇਰੀਆ ਰੇਨੀ ਕਿਊਰਾ ਨੂੰ ਸਾਹਿਤ ਲਈ, ਹੰਗਰੀ ਦੀ ਮਿਸ ਇਲੈਜ਼ਬਥ ਬਰਨਰ ਨੂੰ ਕਲਾ ਅਤੇ ਜਾਪਾਨ ਦੇ ਗੇਂਜੂ ਓਗਰਾ ਨੂੰ ਜੜੀ

ਪ੍ਰਿਥੀਪਾਲ ਸਿੰਘ ਕਤਲ ਕੇਸ ਦੇ ਦੋਸ਼ੀ ਨਾਮਜ਼ਦ ਮੋਟਰ ਸਾਈਕਲ ਦਾ ਵੀ ਪਤਾ ਲਗ ਗਿਆ

ਪੁਲੀਸ ਦੋਸ਼ੀਆਂ ਨੂੰ 29 ਤਕ ਗ੍ਰਿਫਤਾਰ ਕਰ ਲਏਗੀ ?

